Hansti Duniya (Punjabi)
Vol. 48 ✶ No. 03 ✶ March 2024

₹ 25/-

# ਹੰਸਤੀ ਦੁਨੀਆ



# ਹੰਸਤੀ ਦੁਨੀਆ

★ VOL - 48

ਅੰਕ - 03 ★ ਮਾਰਚ 2024 ★ *Pages : 44*

*(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)*

Also published in Hindi, English & Marathi

Printer & Publisher Rakesh Mutreja, on behalf of Sant Nirankari Mandal, Delhi-110009, Printed at HT Media Limited, Plot No. 8, Udyog Vihar, Greater Noida- 201306 (U.P.) & published at Sant Nirankari Administrative Block, Nirankari Chowk, Burari Road, Delhi-110009

Chief Editor (Honorary)
Dr. Vijay Sharma
Editor (Honorary)
S.S. Randhawa
Asstt. Editor
Kuldeep Kaur

E-mail : hduniya.punjabi@nirankari.org
editorial@nirankari.org
Ph. : 011-47660200
Fax : 011-27608215
Website : www.nirankari.org
kids.nirankari.org


04




12




18



21



38



## ਸਤੰਭ

| | |
|---|---|
| ਸਭ ਤੋਂ ਪਹਿਲਾਂ | 04 |
| ਵਿਗਿਆਨ ਪ੍ਰਸ਼ਨੋਤਰੀ | 12 |
| ਹਾਸਾ-ਖੇਡਾ | 18 |
| ਸਾਧਾਰਣ ਗਿਆਨ ਪ੍ਰਸ਼ਨੋਤਰੀ | 21 |
| ਕੀ ਤੁਸੀਂ ਜਾਣਦੇ ਹੋ? | 27 |
| ਰੰਗ ਭਰੋ ਪ੍ਰਤੀਯੋਗਿਤਾ | 33 |
| ਕਦੇ ਨਾ ਭੁੱਲੋ | 37 |
| ਬੁੱਧੀ ਦੀ ਪਰਖ | 42 |

## ਚਿੱਤਰਕਥਾਵਾਂ

| | |
|---|---|
| ਕਿੱਟੀ | 22 |
| ਚਿਤੱਰਕਥਾ | 38 |



08



13

## ਕਹਾਣੀਆਂ


08. ਰੁੱਸ ਗਈ ਕਿਤਾਬ
– ਦਰਸ਼ਨ ਸਿੰਘ ਪਟਿਆਲਾ

14. ਪੜ੍ਹਨ ਦੀ ਲਗਨ
– ਮਦਨ ਕਥੂਰੀਆ

28. ਅਨੋਖੀ ਹੋਲੀ
– ਡੀ. ਐਸ. 'ਆਸ਼ਟ'


## ਵਿਸ਼ੇਸ਼ ਲੇਖ


06. ਜਗਦੀਸ਼ ਚੰਦਰ ਬੋਸ
– ਹਰਜੀਤ ਨਿਸ਼ਾਦ

16. ਬਿੱਲੀ ਮੱਛੀ
– ਡਾ. ਪਰਸ਼ੂਰਾਮ ਸ਼ੁਕਲ

26. ਤਿਲਕ ਨੇ ਲਈ ਸਿਖਿਆ
– ਦੀਨਦਿਆਲ

31. ਗੋਰੀਲਾ
– ਡਾ. ਵਿਨੋਦ ਗੁਪਤਾ

35. ਗਾਜਰ
– ਕੈਲਾਸ਼ ਜੈਨ


## ਗੀਤ-ਕਵਿਤਾਵਾਂ


05. ਮੈਂ ਸਰਹੱਦ ਤੇ ਜਾਊਂ
– ਜਗਤਾਰ ਚਮਨ

13. ਤਿਉਹਾਰ ਹੋਲੀ ਦਾ ਆਇਆ
– ਹਰਜ਼ਿੰਦਰ ਪਾਇਲ

20. ਹੋਲੀ ਦੀ ਧਮਾਲ
– ਮਦਨ ਰਾਣਾ


32. ਝਰਨਾ
– ਪ੍ਰਭਜੀਤ ਕੌਰ




14



28



35



# ਹੋਲੀ ਖੇਡੋ ਸਹੀ ਰੰਗ ਨਾਲ। ਪੇਪਰ ਦੇਵੋ ਸਹੀ ਢੰਗ ਨਾਲ।

ਪਿਆਰੇ ਬੱਚਿਉ! ਮਾਰਚ ਦਾ ਮਹੀਨਾ ਆ ਗਿਆ ਹੈ। ਇਸ ਵਿੱਚ ਹੋਣ ਵਾਲੇ ਸਾਲਾਨਾ ਇਮਤਿਹਾਨ ਅਤੇ ਉਹਨਾਂ ਦੇ ਨਤੀਜੇ ਸਾਨੂੰ ਦੱਸਦੇ ਹਨ ਕਿ ਬੱਚਿਆਂ ਨੇ ਸਮੇਂ ਦਾ ਕਿੰਜ ਸਹੀ ਇਸਤੇਮਾਲ ਕੀਤਾ ਹੈ। ਇਸ ਵਿੱਚ ਕੋਈ ਆਲਸ ਜਾਂ ਅਣਗਹਿਲੀ ਨਹੀਂ ਕਰਨੀ। ਬਾਅਦ ਵਿੱਚ ਕਿਸੇ ਤਰ੍ਹਾਂ ਦਾ ਪਛਤਾਵਾ ਨਾ ਕਰਨਾ ਪਏ।

ਸਾਲਾਨਾ ਇਮਤਿਹਾਨ ਦੀ ਤਿਆਰੀ ਬੜੇ ਚਾਅ ਨਾਲ ਕਰਨੀ ਹੈ। ਇਸ ਬਾਰੇ ਕੋਈ ਟੈਂਸ਼ਨ ਨਹੀਂ ਲੈਣੀ। ਸਾਰਾ ਸਾਲ ਤੁਸੀਂ ਮਿਹਨਤ ਕਰਕੇ ਪੜਦੇ ਰਹੇ ਹੋ, ਫਿਰ ਉਸਦਾ ਨਤੀਜਾ ਹਾਸਲ ਕਰਨ ਵਿੱਚ ਟੈਂਸ਼ਨ ਕਿਉਂ! ਵੈਸੇ ਟੈਂਸ਼ਨ ਨਾਲ ਤਾਂ ਕੋਈ ਕੰਮ ਬਣਨ ਵਾਲਾ ਨਹੀਂ। ਕੰਮ ਤਾਂ ਪੜਨ ਨਾਲ ਹੀ ਬਣਨਾ ਹੈ। ਪੇਪਰਾਂ ਦੀ ਖੂਬ ਤਿਆਰੀ ਕਰਕੇ ਖੁਸ਼ੀ-ਖੁਸ਼ੀ ਇਮਤਿਹਾਨ ਦੇਣਾ ਚਾਹੀਦਾ ਹੈ।

ਪਿਆਰੇ ਬੱਚਿਉ! ਅਸੀਂ ਜਾਣਦੇ ਹਾਂ ਕਿ ਜਨਮ ਤੋਂ ਲੈਕੇ ਅੱਜ ਤਕ ਦਾ ਇਕ-ਇਕ ਦਿਨ ਸਾਡੇ ਮਾਤਾ-ਪਿਤਾ ਦੇ ਪਿਆਰ ਅਤੇ ਅਪਨੇਪਨ ਦਾ ਨਤੀਜਾ ਹੈ। ਹਰ ਮਾਤਾ-ਪਿਤਾ ਆਪਣੇ ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਜੋ ਵੀ ਜਰੂਰੀ ਹੁੰਦਾ ਹੈ, ਉਹ ਕਿਸੇ ਨਾ ਕਿਸੇ ਤਰੀਕੇ ਨਾਲ ਜਰੂਰ ਕਰਦੇ ਹਨ। ਸਾਨੂੰ ਕਈ ਉਦਾਹਰਣ ਵੀ ਮਿਲਦੇ ਹਨ ਕਿ ਕਈ ਮਾਤਾ-ਪਿਤਾ ਰਾਤ ਨੂੰ ਭੁੱਖੇ ਸੌਂਦੇ ਰਹੇ ਤਾਂਕਿ ਆਪਣੇ ਬੱਚਿਆਂ ਨੂੰ ਹਰ ਸਹੂਲਤ ਦੇ ਸਕਣ।

ਪਿਆਰੇ ਬੱਚਿਉ! ਮਾਰਚ ਦੇ ਮਹੀਨੇ ਵਿੱਚ ਹੋਲੀ ਦਾ ਤਿਉਹਾਰ ਵੀ ਮਨਾਇਆ ਜਾਂਦਾ ਹੈ। ਹੋਲੀ ਦੇ ਪਿਛੋਕੜ ਬਾਰੇ ਕਿਹਾ ਜਾਂਦਾ ਹੈ ਕਿ ਨਿਰੰਕਾਰ-ਪ੍ਰਭੂ ਤੇ ਵਿਸ਼ਵਾਸ਼ ਰੱਖਣ ਵਾਲੇ ਬੱਚੇ ਭਗਤ-ਪ੍ਰਹਿਲਾਦ ਨੂੰ ਕਿਸ ਤਰ੍ਹਾਂ ਅਨੇਕਾਂ ਤਸੀਹੇ ਦਿਤੇ ਗਏ। ਅੱਗ ਵਿੱਚ ਸਾੜਨ ਦੀ ਵੀ ਕੋਸ਼ਿਸ਼ ਕੀਤੀ ਗਈ ਪਰੰਤੂ ਭਗਤ-ਪ੍ਰਹਿਲਾਦ ਦਾ ਕੁਝ ਵੀ ਨਹੀਂ-ਵਿਗੜਿਆ ਕਿਉਂਕਿ ਉਹ ਰੱਬ ਉਤੇ ਪੂਰਾ ਵਿਸ਼ਵਾਸ਼ ਕਰਦਾ ਸੀ।

ਹੋਲੀ ਰੰਗਾਂ ਦਾ ਤਿਉਹਾਰ ਹੈ। ਸਾਰੇ ਰੰਗਾਂ ਨਾਲ ਹੋਲੀ ਖੇਡਦੇ ਹਨ। ਪਰੰਤੂ ਕਈ ਲੋਕ ਇਸ ਵਿੱਚ ਅਜਿਹੇ ਰੰਗ ਵਰਤਦੇ ਹਨ ਜਿਸ ਨਾਲ ਆਪਸ ਵਿੱਚ ਲੜਾਈ-ਝਗੜਾ ਵੀ ਹੋ ਸਕਦਾ ਹੈ। ਇਹ ਤਿਉਹਾਰ ਤਾਂ ਪਿਆਰ ਦਾ ਪ੍ਰਤੀਕ ਹੈ। ਸਾਰੇ ਬੱਚੇ ਇਕ ਗੁਲਸ਼ਨ ਦਾ ਰੂਪ ਹੁੰਦੇ ਹਨ। ਇਸ ਲਈ ਕਿਸੇ ਨਾਲ ਵੈਰ, ਈਰਖਾ ਅਤੇ ਨਫ਼ਰਤ ਨਹੀਂ ਕਰਨੀ। ਹੋਲੀ ਨੂੰ ਪਿਆਰਾ ਦੇ ਰੰਗਾਂ ਨਾਲ ਹੀ ਸਜਾਉਣਾ ਅਤੇ ਮਨਾਉਣਾ ਚਾਹੀਦਾ ਹੈ।

ਪਿਆਰੇ ਬੱਚਿਉ! ਤੁਸੀਂ ਬਿਨਾਂ ਟੈਂਸ਼ਨ ਦੇ ਪੜਾਈ ਕਰਨੀ ਹੈ ਤਾਂਕਿ ਜੋ ਵੀ ਪੜੋ ਉਹ ਯਾਦ ਰਹੇ। ਇਮਤਿਹਾਨ ਵਿੱਚ ਭੁੱਲ ਕੇ ਵੀ ਨਕਲ ਨਹੀਂ ਕਰਨੀ ਅਤੇ ਨਾ ਨਕਲ ਕਰਵਾਉਣੀ ਹੈ ਜੁਮੈਟਰੀਬਕਸ ਅਤੇ ਪ੍ਰੀਖਿਆ ਵਾਲਾ ਰੋਲ ਨੰਬਰ ਕਦੇ ਨਹੀਂ ਭੁੱਲਣਾ। ਪੇਪਰਾਂ ਵਿੱਚ ਸਾਰੇ ਉੱਤਰ ਅਤੇ ਪ੍ਰਸ਼ਨ ਨੰਬਰ ਵੀ ਠੀਕ ਹੀ ਲਿਖਣੇ ਹਨ। ਸਾਫ-ਸੁਥਰੀ ਲਿਖਾਈ ਦਾ ਧਿਆਨ ਜਰੂਰ ਰੱਖਣਾ ਹੈ। ਖੂਬ ਪੜਾਈ ਕਰਕੇ ਅਤੇ ਨਿਰੰਕਾਰ-ਪ੍ਰਭੂ ਤੇ ਵਿਸ਼ਵਾਸ਼ ਕਰਕੇ ਪੇਪਰ ਦੇਣੇ ਹਨ। ਚੰਗੇ ਨੰਬਰ ਲੈਕੇ ਪਾਸ ਹੋਣ ਵਿੱਚ ਸਫਲਤਾ ਜਰੂਰ ਮਿਲੇਗੀ।

✍ ਸੁਰਿੰਦਰ ਸਿੰਘ ਰੰਧਾਵਾ

# ਮੈਂ ਸਰਹੱਦ ਤੇ ਜਾਊਂ

– ਜਗਤਾਰ ਚਮਨ


ਇੱਛਾ ਹੁੰਦੀ ਹੈ ਮੈਂ ਫੌਜੀ ਬਣ ਕੇ,
ਸਰਹੱਦ ਤੇ ਜਾਊਂ।

ਹੈ ਸਵੀਕਾਰ ਨਹੀਂ ਭਾਰਤ ਵੱਲ,
ਕੋਈ ਅੱਖ ਵਿਖਾਏ।
ਹਰੇ-ਭਰੇ ਇਸ ਬਗੀਚੇ ਵਿੱਚ,
ਜ਼ਹਿਰ ਦੇ ਰੁੱਖ ਉਗਾਏ।
ਦੰਦ ਕਰਾਂ ਦੁਸ਼ਮਣ ਦੇ ਖੱਟੇ,
ਨਾਨੀ ਯਾਦ ਕਰਵਾਊਂ।

ਮੈਂ ਵੰਸ਼ਜ ਰਾਣਾ ਪ੍ਰਤਾਪ ਦਾ,
ਵੀਰ ਸ਼ਿਵਾ ਦੀ ਹਾਂ ਸੰਤਾਨ।
ਆਪਣੀ ਬਾਂਹ ਦੀ ਤਾਕਤ ਨਾਲ,
ਹਰ ਮੁਸੀਬਤ ਨੂੰ ਹਟਾਊਂ।
ਵੀਰਾਂ ਦੀ ਮੋਹਰੀ ਕਤਾਰ ਵਿੱਚ,
ਆਪਣਾ ਨਾਮ ਲਿਖਵਾਊਂ।

ਕੋਈ ਰੋਕੇ ਨਾ ਮੈਨੂੰ ਹੁਣ,
ਖਾਂਦਾ ਲਹੂ ਉਬਾਲਾ।
ਦੇਸ਼ਵਾਸੀਆਂ ਨੂੰ ਦੇਣਾ ਹੈ,
ਸੁੱਖ ਦਾ ਰੋਜ਼ ਨਿਵਾਲਾ।
ਫਰਜ਼ ਨਿਭਾਊਂਗਾ ਹੁਣ ਪੂਰਾ,
ਮਾਂ ਨੂੰ ਨਹੀਂ ਰਵਾਊਂ।

ਇਹ ਜੀਵਨ ਧਨ-ਪਾਇਆ ਜਿਸ ਤੋਂ,
ਉਸ ਨੂੰ ਸਮਰਪਿਤ ਕਰਨਾ।
ਸ਼ੇਰਾਂ ਦੇ ਦੰਦਾਂ ਨੂੰ ਗਿਣਨਾ,
ਗਿੱਦੜਾ ਵਾਂਗ ਨਹੀਂ ਮਰਨਾ।
ਪਹਿਲਾਂ ਦੇਸ਼ ਦੀ ਮਰਿਯਾਦਾ ਹੈ,
ਮੈਂ ਤਾਂ ਇਹ ਦੁਹਰਾਊਂ।



# ਮਹਾਨ ਖੋਜੀ

# ਜਗਦੀਸ਼ ਚੰਦਰ ਬੋਸ

- ਹਰਜੀਤ ਨਿਸ਼ਾਦ

ਜਗਦੀਸ਼ ਚੰਦਰ ਬੋਸ ਭਾਰਤ ਦੇ ਬਹੁਤ ਹੀ ਸਨਮਾਨਿਤ ਵਿਗਿਆਨੀ ਸਨ। ਉਹਨਾਂ ਦਾ ਜਨਮ 30 ਨਵੰਬਰ 1858 ਨੂੰ ਮੈਮਨ ਸਿੰਘ, ਪੂਰਬੀ ਬੰਗਾਲ (ਅਣਵੰਡੇ ਭਾਰਤ) ਵਿੱਚ ਹੋਇਆ ਸੀ। ਵਰਤਮਾਨ ਵਿੱਚ ਮੈਮਨ ਸਿੰਘ ਬੰਗਲਾਦੇਸ਼ ਦਾ ਮਸ਼ਹੂਰ ਸ਼ਹਿਰ ਹੈ। ਉਹਨਾਂ ਨੇ ਆਪਣੀ ਅਦਭੁਤ ਪ੍ਰਤਿਭਾ ਦਾ ਪ੍ਰਦਰਸ਼ਨ ਕਰਦੇ ਹੋਏ ਭੌਤਿਕੀ, ਜੀਵ-ਭੌਤਿਕੀ, ਜੀਵ ਵਿਗਿਆਨ, ਬਨਸਪਤੀ ਵਿਗਿਆਨ, ਪੁਰਾਤੱਤਵ ਦੇ ਇਲਾਵਾ ਬਾਂਗਲਾ ਸਾਹਿਤ ਅਤੇ ਬਾਂਗਲਾ ਵਿਗਿਆਨ ਕਥਾਵਾਂ ਦੇ ਖੇਤਰ ਵਿੱਚ ਮਹੱਤਵਪੂਰਣ ਯੋਗਦਾਨ ਦਿੱਤਾ। ਮਿਲੀਮੀਟਰ ਤਰੰਗਾਂ, ਰੇਡੀਉ ਅਤੇ ਕ੍ਰੇਸਕੋਗ੍ਰਾਮ ਸੰਬੰਧਿਤ ਖੋਜਾਂ ਦੇ ਕਾਰਣ ਉਹ ਬਹੁਤ ਜ਼ਿਆਦਾ ਪ੍ਰਸਿੱਧ ਹੋਏ। ਉਹਨਾਂ ਨੇ ਕੋਲਕਾਤਾ ਯੂਨੀਵਰਸਿਟੀ, ਕ੍ਰਾਈਸਟ ਯੂਨੀਵਰਸਿਟੀ, ਕੈਮਬ੍ਰਿਜ਼ ਯੂਨੀਵਰਸਿਟੀ ਅਤੇ ਲੰਦਨ ਯੂਨੀਵਰਸਿਟੀ ਵਿੱਚੋਂ ਸਿੱਖਿਆ ਹਾਸਿਲ ਕੀਤੀ।

ਜਗਦੀਸ਼ ਚੰਦਰਬੋਸ ਦੇ ਪਿਤਾ ਭਗਵਾਨ ਚੰਦਰ ਬੋਸ ਬ੍ਰਹਮ ਸਮਾਜ ਦੇ ਨੇਤਾ ਸਨ। ਜਿਹੜੇ ਫਰੀਦਪੁਰ, ਬਰਧਮਾਨ ਅਤੇ ਹੋਰ ਥਾਵਾਂ ਤੇ ਮੈਜਿਸਟ੍ਰੇਟ ਅਤੇ ਸਹਾਇਕ ਕਮਿਸ਼ਨਰ ਰਹੇ। ਗਿਆਰਾਂ ਸਾਲ ਦੀ ਉਮਰ ਤੱਕ ਬੋਸ ਨੇ ਆਪਣੇ ਪਿੰਡ ਦੇ ਹੀ ਇੱਕ ਬਾਂਗਲਾ ਸਕੂਲ ਵਿੱਚ ਸਿਖਿਆ ਹਾਸਿਲ ਕੀਤੀ। ਉਹਨਾਂ ਦੇ ਪਿਤਾ ਜੀ ਦਾ ਮੰਨਣਾ ਸੀ ਕਿ ਅੰਗ੍ਰੇਜ਼ੀ ਸਿੱਖਣ ਤੋਂ ਪਹਿਲਾਂ ਆਪਣੀ ਮਾਤਰ ਭਾਸ਼ਾ ਦੀ ਜਾਣਕਾਰੀ ਜ਼ਰੂਰੀ ਹੈ। ਉਸ ਸਮੇਂ ਬੱਚਿਆਂ ਨੂੰ ਅੰਗ੍ਰੇਜ਼ੀ ਸਕੂਲਾਂ ਵਿੱਚ ਭੇਜਣਾ ਹੈਸੀਅਤ ਦੀ ਨਿਸ਼ਾਨੀ ਮੰਨਿਆ ਜਾਂਦਾ ਸੀ। ਬਾਂਗਲਾ ਭਾਸ਼ੀ ਇਸ ਸਕੂਲ ਵਿੱਚ ਉਹ ਪੜ੍ਹਾਈ ਅਤੇ ਖੇਡਾਂ ਲਈ ਆਪਣੇ ਮਿੱਤਰਾਂ ਦੇ ਨਾਲ ਪੰਛੀਆਂ, ਜਾਨਵਰਾਂ ਅਤੇ ਜਲਜੀਵਾਂ ਦੀਆਂ ਕਹਾਣੀਆਂ ਨੂੰ ਕੰਨ ਲਾ ਕੇ ਸੁਣਦੇ ਰਹਿੰਦੇ ਸਨ। ਸ਼ਾਇਦ ਉਹਨਾਂ ਕਹਾਣੀਆਂ ਨੇ ਇਹਨਾਂ ਦੇ ਦਿਮਾਗ ਵਿੱਚ ਕੁਦਰਤ ਦੀ ਰਚਨਾ ਤੇ ਖੋਜ ਕਰਨ ਦੀ ਡੂੰਘੀ ਰੁਚੀ ਜਗਾਈ।


ਬਾਅਦ ਵਿੱਚ ਉਹ ਕੋਲਕੱਤਾ ਆ ਗਏ ਅਤੇ ਉਹਨਾਂ ਨੇ ਸੇਂਟ ਜੇਵੀਅਰ ਸਕੂਲ ਵਿੱਚ ਦਾਖਿਲਾ ਲਿਆ। ਜਗਦੀਸ਼ ਚੰਦਰ ਬੋਸ ਦੀ ਜੀਵ ਵਿਗਿਆਨ ਵਿੱਚ ਡੂੰਘੀ ਰੁਚੀ ਸੀ। 22 ਸਾਲ ਦੀ ਉਮਰ ਵਿੱਚ ਮੈਡੀਕਲ ਵਿਗਿਆਨ ਦੀ ਪੜ੍ਹਾਈ ਕਰਨ ਲਈ ਉਹ ਲੰਦਨ ਚਲੇ ਗਏ। ਸਿਹਤ ਖਰਾਬ ਰਹਿਣ ਦੀ ਵਜ੍ਹਾ ਨਾਲ ਉਹਨਾਂ ਨੇ ਡਾਕਟਰ ਬਣਨ ਦਾ ਵਿਚਾਰ ਤਿਆਗ ਦਿੱਤਾ ਅਤੇ ਕੈਂਮਬਰਿਜ਼ ਦੀ ਕ੍ਰਾਈਸਟ ਯੂਨੀਵਰਸਿਟੀ ਚਲੇ ਗਏ। ਉਥੇ ਭੌਤਿਕੀ ਦੇ ਪ੍ਰਸਿੱਧ ਪ੍ਰੋਫੈਸਰ ਫਾਦਰ ਲਾਫੋਂਟ ਨੇ ਬੋਸ ਨੂੰ ਭੌਤਿਕ ਸ਼ਾਸਤਰ ਅਧਿਐਨ ਕਰਨ ਦੀ ਪ੍ਰੇਰਣਾ ਦਿੱਤੀ। ਦੇਸ਼ ਵਾਪਸ ਆ ਕੇ ਬੋਸ ਭੌਤਿਕੀ ਦੇ ਸਹਾਇਕ ਪ੍ਰੋਫੈਸਰ ਦੇ ਰੂਪ ਵਿੱਚ ਪ੍ਰੇਸਿਡੇਂਸੀ ਕਾਲਜ ਵਿੱਚ ਪੜ੍ਹਾਉਣ ਲੱਗੇ। ਇਥੇ ਉਹ 1915 ਤੱਕ ਰਹੇ। ਉਸ ਸਮੇਂ ਭਾਰਤੀ ਅਧਿਆਪਕਾਂ ਨੂੰ ਅੰਗ੍ਰੇਜ਼ ਅਧਿਆਪਕਾਂ ਦੀ ਤੁਲਨਾ ਵਿੱਚ ਇੱਕ ਤਿਹਾਈ ਤਨਖਾਹ ਹੀ ਦਿੱਤੀ ਜਾਂਦੀ ਸੀ। ਬੋਸ ਨੂੰ ਇਹ ਭੇਦਭਾਵ ਠੀਕ ਨਹੀਂ ਲੱਗਿਆ ਅਤੇ ਉਹਨਾਂ ਨੇ ਇਸ ਦਾ ਵਿਰੋਧ ਕੀਤਾ। ਉਹਨਾਂ ਦੇ ਵਿਰੋਧ ਦਾ ਢੰਗ ਅਨੋਖਾ ਸੀ। ਉਹ ਬਿਨਾਂ ਤਨਖ਼ਾਹ ਲਏ ਤਿੰਨ ਸਾਲ ਤੱਕ ਕੰਮ ਕਰਦੇ ਰਹੇ, ਜਿਸ ਦੀ ਵਜ੍ਹਾ ਨਾਲ ਉਹਨਾਂ ਦੀ ਆਰਥਿਕ ਹਾਲਤ ਵਿਗੜ ਗਈ ਅਤੇ ਉਹਨਾਂ ਤੇ ਕਾਫੀ ਕਰਜਾ ਚੜ੍ਹ ਗਿਆ। ਇਸ ਕਰਜ ਨੂੰ ਉਤਾਰਨ ਲਈ ਉਹਨਾਂ ਨੂੰ ਆਪਣੀ ਜੱਦੀ ਜ਼ਮੀਨ ਵੇਚਣੀ ਪਈ। ਐਨਾ ਸਭ ਕੁੱਝ ਹੋਣ ਦੇ ਬਾਵਜੂਦ ਵੀ ਉਹ ਨਿਰਾਸ ਨਹੀਂ ਹੋਏ। ਬਾਅਦ ਵਿੱਚ ਜਗਦੀਸ਼ ਚੰਦਰ ਬੋਸ ਦੀ ਜਿੱਤ ਹੋਈ ਅਤੇ ਉਹਨਾਂ ਨੂੰ ਪੂਰੀ ਤਨਖਾਹ ਵੀ ਦਿੱਤੀ ਗਈ। ਬੋਸ ਇੱਕ ਵਧੀਆ ਅਧਿਆਪਕ ਸਨ, ਜਿਹੜੇ ਜਮਾਤ ਵਿੱਚ ਪੜ੍ਹਾਉਣ ਲਈ ਵੱਡੇ ਪੈਮਾਨੇ ਤੇ ਵਿਗਿਆਨਕ

ਪ੍ਰਦਰਸ਼ਨਾਂ ਦਾ ਉਪਯੋਗ ਕਰਦੇ ਸਨ। ਬੋਸ ਦੇ ਹੀ ਕੁੱਝ ਵਿਦਿਆਰਥੀ ਜਿਵੇਂ ਸਤਿੰਦਰ ਨਾਥ ਬੋਸ ਅੱਗੇ ਚੱਲ ਕੇ ਪ੍ਰਸਿੱਧ ਭੌਤਿਕਸ਼ਾਸਤਰੀ ਬਣੇ।

ਬੋਸ ਨੇ ਰੇਡੀਉ ਦੀ ਖੋਜ ਵਿੱਚ ਮਹੱਵਪੂਰਨ ਯੋਗਦਾਨ ਦਿੱਤਾ। ਬੋਸ ਦੇ ਮਾਈਕ੍ਰੋਵੇਵ ਖੋਜ ਦਾ ਪਹਿਲਾ ਵਰਣਨਯੋਗ ਪਹਿਲੂ ਇਹ ਸੀ ਕਿ ਉਹਨਾਂ ਨੇ ਤਰੰਗ ਲੰਬਾਈ ਨੂੰ ਮਿਲੀਮੀਟਰ ਪੱਧਰ ਤੇ ਲਗਭਗ 5 ਮਿ:ਮੀ: ਤਰੰਗ ਲੰਬਾਈ ਤੇ ਲਿਆ ਦਿੱਤਾ। ਉਹ ਪ੍ਰਕਾਸ਼ ਦੇ ਗੁਣਾਂ ਦੇ ਅਧਿਐਨ ਲਈ ਲੰਮੀ ਤਰੰਗ ਲੰਬਾਈ ਦੀਆਂ ਪ੍ਰਕਾਸ਼ ਤਰੰਗਾਂ ਦੇ ਨੁਕਸਾਨ ਨੂੰ ਸਮਝ ਚੁੱਕੇ ਸਨ।

1893 ਵਿੱਚ ਨਿਕੋਲਾ ਟੇਸਲਾ ਨੇ ਪਹਿਲੇ ਜਨਤਕ ਰੇਡੀਓ ਸੰਚਾਰ ਦਾ ਪ੍ਰਦਰਸ਼ਨ ਕੀਤਾ। ਇੱਕ ਸਾਲ ਬਾਅਦ, ਕੋਲਕਾਤਾ ਵਿੱਚ ਜਨਤਕ ਪ੍ਰਦਰਸ਼ਨ ਦੇ ਦੌਰਾਨ ਬੋਸ ਨੇ ਇੱਕ ਮਿਲੀਮੀਟਰ ਰੇਂਜ ਮਾਈਕ੍ਰੋਵੇਵ ਤਰੰਗ ਦਾ ਉਪਯੋਗ, ਦੂਰੀ ਤੇ ਬਾਰੂਦ ਨੂੰ ਅੱਗ ਲਾਉਣ ਅਤੇ ਘੰਟੀ ਵਜਾਉਣ ਵਿੱਚ ਕੀਤਾ। ਲੈਫਟੀਨੈਂਟ ਗਵਰਨਰ ਸਰ ਵਿਲੀਅਮ ਮੈਕੇ ਜੀ ਨੇ ਕੋਲਕਾਤਾ ਟਾਊਨ ਹਾਲ ਵਿੱਚ ਬੋਸ ਦਾ ਪ੍ਰਦਰਸ਼ਨ ਵੇਖਿਆ। ਬੋਸ ਨੇ ਇੱਕ ਬੰਗਾਲੀ ਲੇਖ, 'ਅਦ੍ਰਿਸ਼ ਅਲੋਕ' ਵਿੱਚ ਲਿਖਿਆ ਸੀ, ''ਅਦ੍ਰਿਸ਼ ਪ੍ਰਕਾਸ਼ ਸੌਖੇ ਢੰਗ ਨਾਲ ਇੱਟਾਂ ਦੀਆਂ ਕੰਧਾਂ, ਭਵਨਾਂ ਆਦਿ ਦੇ ਅੰਦਰ ਜਾ ਸਕਦਾ ਹੈ, ਇਸ ਲਈ ਤਾਰ ਦੇ ਬਿਨਾ, ਪ੍ਰਕਾਸ਼ ਦੇ ਮਾਧਿਅਮ ਰਾਹੀਂ ਸੰਦੇਸ਼ ਸੰਚਾਰਿਤ ਹੋ ਸਕਦਾ ਹੈ।''

ਬੋਸ ਦੀਆਂ ਖੋਜਾਂ ਲਗਾਤਾਰ ਚੱਲਦੀਆਂ ਰਹੀਆਂ ਅਤੇ ਉਹਨਾਂ ਦੇ ਦੁਗਣੇ ਰਿਫ੍ਰੈਕਟਿਵ ਕ੍ਰਿਸਟਲ ਰਾਹੀਂ ਬਿਜਲੀ ਦੀਆਂ ਕਿਰਨਾਂ ਦੇ ਧਰੁਵੀਕਰਣ ਤੇ ਪਹਿਲਾ ਵਿਗਿਆਨਕ ਲੇਖ, ਮਈ 1895 ਵਿੱਚ ਬੰਗਾਲ ਦੀ ਏਸ਼ਿਆਟਿਕ ਸੋਸਾਇਟੀ ਨੂੰ ਭੇਜਿਆ ਗਿਆ। ਉਹਨਾਂ ਦਾ ਦੂਸਰਾ ਲੇਖ ਅਕਤੂਬਰ 1895 ਵਿੱਚ ਲੰਦਨ ਪਤ੍ਰਕਾ ਇਲੇਕਟ੍ਰੀਸ਼ੀਅਨ ਦਾ ਬੋਸ ਦਾ ਲੇਖ 'ਇੱਕ ਨਵੀਂ ਇਲੇਕਟ੍ਰੋ-ਪੋਲੇਰੀਸਕੋਪ ਤੋਂ ਪ੍ਰਕਾਸ਼ਿਤ ਕੀਤਾ। ਉਸ ਸਮੇਂ ਅੰਗ੍ਰੇਜ਼ੀ ਬੋਲਣ ਵਾਲੀ ਦੁਨੀਆਂ ਵਿੱਚ ਲੌਜ ਰਾਹੀਂ ਦਬਾਏ ਗਏ ਸ਼ਬਦ 'ਕੋਹਿਰਰ' ਦਾ ਪ੍ਰਯੋਗ ਹਰਟਜ ਦੇ ਤਰੰਗ ਰਿਸੀਵਰ ਜਾਂ ਡਿਟੇਕਟਰ ਲਈ ਕੀਤਾ ਜਾਂਦਾ ਸੀ। ਇਲੈਕਟ੍ਰੀਸ਼ੀਅਨ ਨੇ ਉਸੇ ਵੇਲੇ ਬੋਸ ਦੇ 'ਕੋਹੀਰਰ' ਤੇ ਟਿਪਣੀ ਕੀਤੀ। 18 ਜਨਵਰੀ 1896 ਦੀ ਅੰਗ੍ਰੇਜ਼ੀ ਪਤ੍ਰਕਾ ਇਲੈਕਟ੍ਰੀਸ਼ੀਅਨ ਤੋਂ ਵਿਰੋਧੀ ਟਿੱਪਣੀ ਹੈ। ''ਜੇਕਰ ਪ੍ਰੋਫੈਸਰ ਬੋਸ ਆਪਣੇ ਕੋਹੀਰਰ ਨੂੰ ਬਿਹਤਰ ਬਣਾਉਣ ਵਿੱਚ ਅਤੇ ਪੇਟੈਂਟ ਕਰਾਉਣ ਵਿੱਚ ਸਫਲ ਹੁੰਦੇ ਹਨ ਤਾਂ ਅਸੀਂ ਛੇਤੀ ਹੀ ਇੱਕ ਬੰਗਾਲੀ ਵਿਗਿਆਨਕ ਦੇ ਪ੍ਰੇਸੀਡੇਂਸੀ ਕਾਲਜ ਪ੍ਰਯੋਗਸ਼ਾਲਾ ਵਿੱਚ ਇਕੱਲੇ ਖੋਜ ਦੇ ਕਾਰਣ ਨੌ-ਆਵਾਜਾਈ ਦੀ ਤੱਟ ਰੋਸ਼ਨੀ ਵਿੱਚ ਨਵੀਂ ਕ੍ਰਾਂਤੀ ਵੇਖਾਂਗੇ।' ਬੋਸ ਨੇ ਆਪਣੇ 'ਕੋਹੀਰਰ' ਨੂੰ ਬਿਹਤਰ ਕਰਨ ਦੀ ਯੋਜਨਾ ਬਣਾਈ ਪਰ ਇਸ ਦੇ ਪੇਟੇਂਟ ਦੇ ਬਾਰੇ ਵਿੱਚ ਕਦੇ ਨਹੀਂ ਸੋਚਿਆ।



1917 ਵਿੱਚ ਜਗਦੀਸ਼ ਚੰਦਰ ਬੋਸ ਦੀਆਂ ਖੋਜਾਂ ਨੂੰ ਸਨਮਾਨ ਪ੍ਰਦਾਨ ਕਰਦੇ ਹੋਏ 'ਨਾਈਟ'' ਦੀ ਉਪਾਧੀ ਪ੍ਰਦਾਨ ਕੀਤੀ ਗਈ ਅਤੇ ਛੇਤੀ ਹੀ ਭੌਤਿਕ ਅਤੇ ਜੀਵ ਵਿਗਿਆਨ ਲਈ ਰਾਯਲ ਸੋਸਾਇਟੀ ਲੰਦਨ ਦੇ ਫੈਲੋ ਚੁਣ ਲਏ ਗਏ। ਕਾਫੀ ਸਾਧਨਾਂ ਅਤੇ ਧਨ ਦੀ ਘਾਟ ਕਾਰਣ ਬੋਸ ਨੇ ਆਪਣਾ ਖੋਜ ਦਾ ਪੂਰਾ ਕੰਮ ਕਿਸੇ ਚੰਗੇ (ਮਹਿੰਗੇ) ਉਪਕਰਣ ਅਤੇ ਪ੍ਰਯੋਗਸ਼ਾਲਾ ਦੇ ਲਈ ਕੀਤਾ ਸੀ ਇਸ ਲਈ ਜਗਦੀਸ਼ ਚੰਦਰ ਬੋਸ ਇੱਕ ਚੰਗੀ ਪ੍ਰਯੋਗਸ਼ਾਲਾ ਬਣਾਉਣ ਦੀ ਸੋਚ ਰਹੇ ਸਨ। ''ਬੋਸ ਇੰਸਟੀਟਿਊਟ' ਇਸ ਸੋਚ ਦਾ ਸਿੱਟਾ ਹੈ ਜੋ ਕਿ ਵਿਗਿਆਨ ਵਿੱਚ ਖੋਜ ਲਈ ਸਾਡੇ ਦੇਸ਼ ਦਾ ਇੱਕ ਪ੍ਰਸਿੱਧ ਕੇਂਦਰ ਹੈ। ਉਹਨਾਂ ਦੇ ਜੀਵਨ ਤੋਂ ਸਪੱਸ਼ਟ ਹੁੰਦਾ ਹੈ ਕਿ ਸੱਚੀ ਲਗਨ ਅਤੇ ਆਪਣੇ ਮੰਤਵ ਦੇ ਪ੍ਰਤੀ ਕੇਂਦਰਿਤ ਹੋ ਕੇ ਜੀਵਨ ਵਿੱਚ ਸਫਲਤਾਵਾਂ ਪਾਈਆਂ ਜਾ ਸਕਦੀਆਂ ਹਨ। ਲੋੜ ਹੈ ਤਾਂ ਕੇਵਲ ਐਨੀ ਕਿ ਅਧਿਐਨ ਦੇ ਪ੍ਰਤੀ ਇਕਾਗਰਚਿਤ ਰਿਹਾ ਜਾਏ ਅਤੇ ਲਾਗੇ-ਚਾਗੇ ਦੀਆਂ ਛੋਟੀਆਂ-ਵੱਡੀਆਂ ਘਟਨਾਵਾਂ ਤੇ ਤੇਜ਼ ਨਜ਼ਰ ਰੱਖੀ ਜਾਵੇ। ■

ਕਹਾਣੀ

# ਰੁੱਸ ਗਈ ਕਿਤਾਬ

– ਦਰਸ਼ਨ ਸਿੰਘ ਪਟਿਆਲਾ

ਮੰਮੀ ਨੇ ਗੁਰਬੀਰ ਨੂੰ ਕਿਹਾ, ''ਪੁੱਤਰ ਤੇਰੀ ਪ੍ਰੀਖਿਆ ਨੇੜੇ ਆ ਰਹੀ ਹੈ ਪਰ ਤੈਨੂੰ ਕੋਈ ਪ੍ਰਵਾਹ ਹੀ ਨਹੀਂ ਹੈ। ਜਦ ਵੇਖੋ ਜਾਂ ਤਾਂ ਖੇਡਣ ਲਈ ਬਾਹਰ ਨਿਕਲ ਜਾਂਦੈ ਅਤੇ ਜਾਂ ਕਾਰਟੂਨ ਵੇਖਦਾ ਰਹਿੰਦੈ।'

ਗੁਰਬੀਰ ਟੀ.ਵੀ. ਤੇ ਕਾਰਟੂਨ ਵੇਖਣ ਵਿੱਚ ਮਸਤ ਸੀ। ਉਸ ਨੇ ਮੰਮੀ ਦੀ ਗੱਲ ਦਾ ਕੋਈ ਜਵਾਬ ਨਾ ਦਿੱਤਾ।

ਮੰਮੀ ਨੇ ਫਿਰ ਪੁੱਛਿਆ, 'ਕੁੱਝ ਬੋਲ ਰਹੀ ਹਾਂ ਗੁਰਬੀਰ। ਤੈਨੂੰ ਸੁਣ ਨਹੀਂ ਰਿਹਾ ਹੈ ਨਾ?

ਇਸ ਵਾਰ ਥੋੜਾ ਖਿਝ ਕੇ ਗੁਰਬੀਰ ਬੋਲਿਆ, ''ਹਾਂ, ਹਾਂ। ਮੰਮੀ ਸੁਣ ਲਿਆ। ਤੁਸੀਂ ਚਿੰਤਾ ਨਾ ਕਰੋ। ਵੇਖਣਾ ਤੁਹਾਨੂੰ ਚੰਗੇ ਨੰਬਰ ਲਿਆ ਕੇ ਵਿਖਾਵਾਂਗਾ।'

ਮੰਮੀ ਨੇ ਪੁੱਛਿਆ, ਇਹੋ ਜਿਹਾ ਕਿਹੜਾ ਜਾਦੂ ਦਾ ਚਿਰਾਗ ਹੈ ਤੇਰੇ ਕੋਲ? ਮੈਨੂੰ ਵੀ ਤਾਂ ਕੁੱਝ ਪਤਾ ਲੱਗੇ, ਜਿਹੜਾ ਤੈਨੂੰ ਬਿਨਾਂ ਪੜੇ ਚੰਗੇ ਨੰਬਰ ਦਿਵਾ ਦਏਗਾ?

'ਬਸ ਮੰਮੀ ਇਸ ਬਾਰੇ ਮੇਰਾ ਨਤੀਜਾ ਹੀ ਦੱਸੇਗਾ। ਮੈਨੂੰ ਖੇਡਣ ਦਿਉ, ਤੰਗ ਨਾ ਕਰੋ, ਪਲੀਜ਼।'

ਗੁਰਬੀਰ ਦੀ ਇਹ ਗੱਲ ਸੁਣ ਕੇ ਪਹਿਲਾਂ ਤਾਂ ਉਸ ਦੀ ਮੰਮੀ ਚੁੱਪ ਕਰ ਗਈ ਪਰ ਫਿਰ ਬੋਲੀ, 'ਇੱਕ ਗੱਲ ਯਾਦ ਰੱਖਣਾ ਪੜ੍ਹਨ ਨਾਲ ਹੀ ਸਫਲਤਾ ਮਿਲਦੀ ਹੈ। ਮੈਂ ਤਾਂ ਅੱਜ ਤਕ ਕੋਈ ਬੱਚਾ ਅਜਿਹਾ ਨਹੀਂ ਵੇਖਿਆ ਜੋ ਬਿਨਾ ਪੜੇ ਪਾਸ ਹੋ ਜਾਵੇ।'

'ਪਰ ਮੰਮੀ ਮੈਨੂੰ ਵੇਖਣਾ।' ਇਹ ਕਹਿ ਕੇ ਗੁਰਬੀਰ ਨੇ ਟੀ.ਵੀ. ਬੰਦ ਕਰ ਦਿੱਤਾ ਅਤੇ ਮੰਮੀ ਦੇ ਸਵਾਲਾਂ ਤੋਂ ਪਰੇਸ਼ਾਨ ਹੋ ਕੇ ਬਾਹਰ ਆਪਣੇ ਕਿਸੇ ਦੋਸਤ ਦੇ ਘਰ ਵੱਲ ਰਵਾਨਾ ਹੋ ਗਿਆ।

ਜਿਉਂ-ਜਿਉਂ ਪ੍ਰੀਖਿਆ ਨੇੜੇ ਆ ਰਹੀ ਸੀ, ਤਿਉਂ-ਤਿਉਂ ਗੁਰਬੀਰ ਦੇ ਮਨ ਦਾ ਡਰ ਵੱਧਦਾ ਜਾ ਰਿਹਾ ਸੀ। ਮੰਮੀ ਨੂੰ ਤਾਂ ਉਹ ਅਕਸਰ ਇਹੀ ਗੱਲ





ਕਹਿੰਦਾ ਰਹਿੰਦਾ ਸੀ ਕਿ ਉਹ ਚੰਗੇ ਨੰਬਰ ਲੈ ਕੇ ਵਿਖਾਏਗਾ। 'ਜੇਕਰ ਉਹ ਅਸਫਲ ਹੋ ਗਿਆ ਤਾਂ ਮੰਮੀ-ਪਾਪਾ ਨੂੰ ਕੀ ਮੂੰਹ ਵਿਖਾਏਗਾ?' ਉਸ ਨੂੰ ਲਗਾ, ਜਿਵੇਂ ਉਸ ਦੀਆਂ ਡੀਂਗਾਂ ਉਸ ਦਾ ਹੀ ਮੂੰਹ ਚਿੜਾਉਣ ਲੱਗੀਆਂ ਹੋਣ।

ਗੁਰਬੀਰ ਦੇ ਸਾਰੇ ਮਿੱਤਰ ਪ੍ਰੀਖਿਆ ਦੀ ਤਿਆਰੀ ਵਿੱਚ ਜੁੱਟੇ ਸਨ। ਉਹ ਕਿਸੇ ਵੀ ਦੋਸਤ ਦੇ ਘਰ ਜਾਂਦਾ, ਉਹ ਪੜ੍ਹਾਈ ਵਿੱਚ ਰੁੱਝਿਆ ਦਿਖਾਈ ਦਿੰਦਾ।

ਪ੍ਰੀਖਿਆ ਵਿੱਚ ਜਦ ਗਿਣਤੀ ਦੇ ਦਿਨ ਬਾਕੀ ਰਹਿ ਗਏ ਤਾਂ ਇੱਕ ਦਿਨ ਅਚਾਨਕ ਹੀ ਉਸ ਦੇ ਘਰ ਦੇ ਦਰਵਾਜ਼ੇ ਦੀ ਘੰਟੀ ਵੱਜੀ। ਕਪੜੇ ਪ੍ਰੈਸ ਕਰਦੀ ਉਸ ਦੀ ਮੰਮੀ ਨੇ ਦਰਵਾਜ਼ਾ ਖੋਲ੍ਹਿਆ, ਵੇਖਿਆ ਗੁਰਬੀਰ ਦਾ ਦੋਸਤ ਗੁਲਜਾਰ ਸੀ। ਉਹ ਉਸ ਤੋਂ ਆਪਣੀ ਵਿਗਿਆਨ ਦੀ ਕਾਪੀ ਲੈਣ ਆਇਆ ਸੀ ਜਿਹੜੀ ਉਸ ਨੇ ਕੱਲ ਸਕੂਲ ਵਿੱਚ ਮੰਗੀ ਸੀ ਅਤੇ ਸ਼ਾਮ ਨੂੰ ਵਾਪਿਸ ਕਰਨ ਦਾ ਵਾਅਦਾ ਕੀਤਾ ਸੀ।

'ਅਰੇ ਗੁਰਬੀਰ, ਤੂੰ ਕੱਲ ਮੇਰੀ ਕਾਪੀ ਵਾਪਿਸ ਨਹੀਂ ਕੀਤੀ। ਤੂੰ ਤਾਂ ਕਹਿ ਰਿਹਾ ਸੀ ਕਿ ਘੰਟੇ ਬਾਅਦ ਵਾਪਿਸ ਕਰ ਦੇਵਾਂਗਾ। ਮੈਂ ਸ਼ਾਮ ਤੱਕ ਤੇਰੀ ਉਡੀਕ ਕਰਦਾ ਰਿਹਾ।'

'ਕੀ ਦੱਸਾ? ਮੈਂ ਤਾਂ ਸੋਚ ਰਿਹਾ ਸੀ ਕਿ ਚੱਲੋ ਘੰਟਾਭਰ ਖੇਡ ਕੇ ਫਿਰ ਕੰਮ ਕਰ ਲਵਾਂਗਾ, ਪਰ ਪਤਾ ਹੀ ਨਹੀਂ ਲੱਗਾ ਕਿ ਕਾਰਟੂਨ ਵੇਖਦੇ-ਵੇਖਦੇ ਕਿਵੇਂ ਦੋ ਘੰਟੇ ਲੰਘ ਗਏ। ਫਿਰ ਮੈਨੂੰ ਨੀਂਦ ਆ ਗਈ ਹੁਣ ਸ਼ੁਰੂ ਕਰਾਂਗਾ ਆਪਣਾ ਕੰਮ।

ਇਹ ਗੱਲ ਸੁਣ ਕੇ ਗੁਲਜਾਰ ਨੂੰ ਮਨ ਹੀ ਮਨ ਉਸ ਤੇ ਬਹੁਤ ਗੁੱਸਾ ਆਇਆ ਪਰ ਉਸ ਨੇ ਗੁੱਸਾ ਜ਼ਾਹਿਰ ਨਾ ਹੋਣ ਦਿੱਤਾ ਅਤੇ ਬੋਲਿਆ, 'ਮੈਂ ਵੀ ਕੰਮ ਕਰਨਾ ਹੈ। ਇਸ ਲਈ ਮੈਨੂੰ ਕਾਪੀ ਦੇ ਦੇ।'

ਗੁਰਬੀਰ ਨੇ ਉਸ ਦੀ ਕਾਪੀ ਵਾਪਿਸ ਕਰ ਦਿੱਤੀ। ਅਗਲੇ ਦਿਨ ਜਦ ਉਹ ਗੁਲਜਾਰ ਤੋਂ ਕਾਪੀ ਲੈਣ ਲਈ ਉਸ ਦੇ ਘਰ ਗਿਆ ਤਾਂ ਗੁਲਜਾਰ ਨੇ ਉਸ ਨੂੰ ਟਕੇ ਵਰਗਾ ਜਵਾਬ ਦਿੱਤਾ, 'ਗੁਰਬੀਰ , ਅਸਲ ਵਿੱਚ ਤੈਨੂੰ ਪ੍ਰੀਖਿਆ ਦੀ ਕੋਈ ਪ੍ਰਵਾਹ ਨਹੀਂ ਹੈ। ਜੇਕਰ ਤੈਨੂੰ ਚਿੰਤਾ ਹੁੰਦੀ ਤਾਂ ਤੂੰ ਮੇਰੀ ਕਾਪੀ ਤੋਂ ਕੰਮ ਕਰ ਸਕਦਾ ਸੀ ਪਰ ਤੂੰ ਤਾਂ ਪ੍ਰੀਖਿਆ ਦੇ ਦਿਨਾਂ ਵਿੱਚ ਵੀ ਕਾਰਟੂਨਾਂ ਵਿੱਚ ਹੀ ਰਹਿੰਦਾ ਹੈ। ਮਾਫ਼ ਕਰਨਾ, ਗੁਰਬੀਰ। ਹੁਣ ਮੈਂ ਤੈਨੂੰ ਆਪਣੀ ਕਾਪੀ ਨਹੀਂ ਦੇ ਸਕਾਂਗਾ ਕਿਉਂਕਿ ਮੈਂ ਵੀ ਤਾਂ ਤਿਆਰੀ ਕਰਨੀ ਹੈ।'

'ਕੋਈ ਗੱਲ ਨਹੀਂ, ਮੈਂ ਉਸ ਨੂੰ ਦੱਸਾਂਗਾ ਕਿ ਪ੍ਰੀਖਿਆ ਵਿੱਚੋਂ ਕਿਵੇਂ ਉਸ ਤੋਂ ਵੀ ਚੰਗੇ ਨੰਬਰ ਲਿਆਉਂਦਾ ਹਾਂ।' ਵਾਪਿਸ ਆਉਂਦਾ ਹੋਇਆ ਗੁਰਬੀਰ ਸੋਚ ਰਿਹਾ ਸੀ।

ਪ੍ਰੀਖਿਆ ਦਾ ਦਿਨ ਆ ਗਿਆ। ਸਵੇਰ ਹੁੰਦੇ ਹੀ ਗੁਰਬੀਰ ਨੇ ਆਪਣੇ ਬੈਗ ਵਿੱਚੋਂ ਕਿਤਾਬ ਕੱਢੀ।



ਮੰਮੀ-ਪਾਪਾ ਤੋਂ ਅੱਖ ਬਚਾ ਕੇ ਉਸ ਨੇ ਲੇਖ ਵਾਲਾ ਪੰਨਾ ਥੋੜਾ ਜਿਹਾ ਹੀ ਪਾੜਿਆ ਸੀ ਕਿ ਉਹਨੂੰ ਲੱਗਿਆ ਜਿਵੇਂ ਕਿਸੇ ਦੀ ਚੀਕ ਨਿਕਲੀ ਹੋਵੇ। ਉਸ ਨੇ ਲਾਗੇ-ਚਾਗੇ ਵੇਖਿਆ ਕੋਈ ਨਹੀਂ ਸੀ।

'ਮੈਂ ਕਿਤਾਬ ਬੋਲ ਰਹੀ ਹਾਂ।'

'ਕਿਉਂ? ਤੂੰ ਕਿਉਂ ਬੋਲ ਰਹੀ ਹੋ ਅਰਥਾਤ ਮੇਰੀ ਕਿਤਾਬ।'

'ਹਾਂ, ਹਾਂ। ਮੈਂ ਤਾਂ ਤੇਰੀ ਮਿੱਤਰ ਹਾਂ। ਮੈਂ ਤਾਂ ਤੇਰੀ ਜ਼ਿੰਦਗੀ ਨੂੰ ਸੰਵਾਰਨਾ ਹੈ ਪਰ ਤੂੰ ਮੈਨੂੰ ਹੀ ਪਾੜ ਰਿਹਾ ਹੈ।''

'ਮੈਂ ਪ੍ਰੀਖਿਆ ਵਿੱਚ ਤੇਰੀਆਂ ਪਰਚੀਆਂ ਬਣਾ ਕੇ ਲੈ ਜਾਵਾਂਗਾ। ਨਕਲ ਮਾਰਾਂਗਾ ਅਤੇ ਚੰਗੇ ਨੰਬਰ ਹਾਸਿਲ ਕਰਾਂਗਾ।'

ਤੂੰ ਬੜੀ ਗਲਤੀ ਕਰ ਰਿਹਾ ਹੈ।'

'ਮੈਨੂੰ ਤੇਰੀ ਪ੍ਰਵਾਹ ਨਹੀਂ। ਮੈਂ ਤੇਰੀਆਂ ਪਰਚੀਆਂ ਬਣਾ ਕੇ ਹੀ ਲੈ ਜਾਵਾਂਗਾ।'

'ਮਿਹਨਤ ਕਰਕੇ ਪਾਸ ਹੋਣ ਨਾਲ ਜਿਹੜੀ ਖੁਸ਼ੀ ਮਿਲਦੀ ਹੈ, ਉਸ ਦਾ ਆਪਣਾ ਹੀ ਆਨੰਦ ਹੁੰਦਾ ਹੈ। ਇੰਝ ਕਰੋਗੇ ਤਾਂ ਯਾਦ ਰੱਖਣਾ, ਪ੍ਰੀਖਿਆ ਵਿੱਚ ਧੋਖੇ ਨਾਲ ਪਾਸ ਤਾਂ ਹੋ ਸਕਦੇ ਹੋ ਪਰ ਜ਼ਿੰਦਗੀ ਵਿੱਚ ਨਕਲ ਤੇ ਜ਼ੋਰ ਨਾਲ ਪਾਸ ਹੋਣ ਵਾਲੇ ਅਸਫਲ ਹੀ ਰਹਿੰਦੇ ਹਨ। ਮੈਂ ਤੇਰੇ ਨਾਲ ਰੁੱਸ ਗਈ ਹਾਂ।'

'ਤੇਰੇ ਰੁੱਸਣ ਦੀ ਮੈਨੂੰ ਕੋਈ ਪ੍ਰਵਾਹ ਨਹੀਂ।' ਇਹ ਕਹਿ ਕੇ ਗੁਰਬੀਰ ਨੇ ਇੱਕ-ਇੱਕ ਕਰਕੇ ਵੀਹ ਪੰਨੇ ਪਾੜ ਕੇ ਆਪਣੀਆਂ ਵੱਖ-ਵੱਖ ਜੇਬਾਂ ਵਿੱਚ ਅਤੇ ਜ਼ੁਰਾਬਾਂ ਵਿੱਚ ਲੁਕਾ ਲਏ।

ਗੁਰਬੀਰ ਖੁਸ਼ ਨਜ਼ਰ ਆ ਰਿਹਾ ਸੀ, ਸੋਚ ਰਿਹਾ ਸੀ ਖੁਦ ਨਕਲ ਕਰਾਂਗਾ। ਚੰਗੇ ਨੰਬਰ ਆਉਣਗੇ ਉਹ ਵੀ ਬਿਨਾ ਪੜੇ। ਮੰਮੀ-ਪਾਪਾ ਅਤੇ ਗੁਲਜਾਰ ਵੇਖਦੇ ਹੀ ਰਹਿ ਜਾਣਗੇ।'

ਅਜੇ ਪ੍ਰੀਖਿਆ ਪੰਜ ਮਿੰਟ ਪਹਿਲਾਂ ਹੀ ਸ਼ੁਰੂ ਹੋਈ ਸੀ ਕਿ ਅੱਖ ਬਚਾ ਕੇ ਗੁਰਬੀਰ ਨੇ ਇੱਕ ਪਰਚੀ ਕੱਢੀ ਅਤੇ ਸਵਾਲ ਹੱਲ ਕਰਨ ਦਾ ਯਤਨ ਕਰਨ ਲੱਗਾ। ਉਸ ਦੀ ਤਲਾਸ਼ੀ ਲਈ ਗਈ। ਤਲਾਸ਼ੀ ਦੇ ਦੌਰਾਨ ਉਸ ਦੀਆਂ ਸਾਰੀਆਂ ਪਰਚੀਆਂ ਫੜੀਆਂ ਗਈਆਂ। ਸਜਾ ਦੇ ਤੌਰ ਤੇ ਉਸ ਨੂੰ ਡਿਊਟੀ ਦੇਣ ਵਾਲੇ ਅਧਿਆਪਕ ਜੀ ਨੇ ਆਪਣੀ ਕੁਰਸੀ ਦੇ ਕੋਲ ਬਿਠਾਈ ਰੱਖਿਆ। ਗੁਰਬੀਰ ਹੱਲ ਕੀ ਕਰਦਾ? ਸ਼ਰਮਿੰਦਾ ਹੋਇਆ ਪ੍ਰਸ਼ਨ-ਪੱਤਰ ਦੇ ਸਵਾਲ ਹੀ ਉਤਰ ਕਾਪੀ ਵਿੱਚ ਹੌਲੀ-ਹੌਲੀ ਲਿਖਦਾ ਰਿਹਾ।

ਪਰ ਜਦ ਉਸ ਦੀ ਪ੍ਰੀਖਿਆ ਖ਼ਤਮ ਹੋਈ ਤਾਂ ਉਹ ਰੋਂਦਾ ਹੋਇਆ ਘਰ ਨੂੰ ਵਾਪਿਸ ਆ ਰਿਹਾ ਸੀ।

ਉਸ ਦੀ ਸ਼ਕਲ ਤੋਂ ਮੰਮੀ ਨੇ ਅੰਦਾਜ਼ਾ ਲਾ

ਲਿਆ ਸੀ ਕਿ ਉਸ ਦਾ ਪੇਪਰ ਠੀਕ ਨਹੀਂ ਹੋਇਆ ਸੀ।

ਉਹ ਆਪਣੇ ਕਮਰੇ ਵਿੱਚ ਜਾ ਕੇ ਪਲੰਘ ਤੇ ਲੰਮਾ ਪੈ ਗਿਆ।

ਅਗਲੇ ਦੋ ਦਿਨ ਛੁੱਟੀਆਂ ਸਨ। ਚਿੰਤਾ ਵਿੱਚ ਗੁਰਬੀਰ ਸੋਚ ਰਿਹਾ ਸੀ, 'ਕਿਤਾਬ ਸੱਚਮੁੱਚ ਹੀ ਠੀਕ ਬੋਲ ਰਹੀ ਸੀ, ਮਿਹਨਤ ਕਰਕੇ ਪਾਸ ਹੋਣ ਨਾਲ ਜਿਹੜੀ ਖੁਸ਼ੀ ਮਿਲਦੀ ਹੈ, ਉਸ ਦਾ ਆਪਣਾ ਹੀ ਆਨੰਦ ਹੁੰਦਾ ਹੈ। ਗਲਤੀ ਮੇਰੀ ਹੀ ਸੀ। ਮੇਰਾ ਧਿਆਨ ਕਾਰਟੂਨ ਵੇਖਣ ਵਿੱਚ ਹੀ ਲੱਗਾ ਰਿਹਾ ਅਤੇ ਜਾਂ ਫਿਰ ਖੇਡਣ-ਕੁੱਦਣ ਵਿੱਚ। ਇਸ ਦੀ ਸਜਾ ਵੀ ਤਾਂ ਮੈਨੂੰ ਮਿਲਣੀ ਚਾਹੀਦੀ ਹੈ।

ਨਤੀਜਾ ਨਿਕਲਿਆ। ਗੁਰਬੀਰ ਇਸ ਵਾਰ ਪ੍ਰੀਖਿਆ ਵਿੱਚੋਂ ਫੇਲ੍ਹ ਹੋ ਗਿਆ।

ਮੰਮੀ-ਪਾਪਾ ਨੂੰ ਵੀ ਅਹਿਸਾਸ ਹੋਣ ਲੱਗਾ ਕਿ ਗੁਰਬੀਰ ਨੂੰ ਆਪਣੇ ਕੀਤੇ ਤੇ ਪਛਤਾਵਾ ਹੈ। ਉਸ ਵੱਲੋਂ ਮਿੰਨਤ ਕਰਨ ਤੇ ਪਾਪਾ ਨੇ ਉਸ ਨੂੰ ਦੁਬਾਰਾ ਸਕੂਲ ਵਿੱਚ ਦਾਖਿਲ ਕਰਵਾ ਦਿੱਤਾ। ਬਾਜ਼ਾਰ ਵਿੱਚ ਜਾ ਕੇ ਕੁੱਝ ਨਵੀਆਂ ਕਿਤਾਬਾਂ ਲੈ ਆਇਆ ਸੀ। ਪੁਰਾਣੀਆਂ ਕਿਤਾਬਾਂ ਨੂੰ ਵੀ ਉਸ ਨੇ ਚੰਗੀ ਤਰ੍ਹਾਂ ਸੰਵਾਰ ਕੇ ਜਿਲਦਾਂ ਚੜ੍ਹਾ ਲਈਆਂ ਸਨ।

ਪਹਿਲੇ ਦਿਨ ਮੋਢੇ ਤੇ ਬਸਤਾ ਲਟਕਾ ਕੇ ਗੁਰਬੀਰ ਸਕੂਲ ਜਾ ਰਿਹਾ ਸੀ। ਸੋਚ ਰਿਹਾ ਸੀ, 'ਇਸ ਵਾਰ ਚੰਗੇ ਨੰਬਰ ਲੈ ਕੇ ਵਿਖਾਵਾਂਗਾ ਪਰ ਨਕਲ ਦੇ ਸਹਾਰੇ ਨਹੀਂ, ਮਿਹਨਤ ਦੇ ਸਹਾਰੇ।

'ਸ਼ਾਬਾਸ਼! ਅਸੀਂ ਤੇਰੇ ਦ੍ਰਿੜ ਇਰਾਦੇ ਦੀ ਗੱਲ ਸੁਣ ਲਈ ਹੈ। ਅਸੀਂ ਮਿਹਨਤੀ ਬੱਚਿਆਂ ਦੀ ਕਦਰ ਕਰਦੀਆਂ ਹਾਂ। ਅਸੀਂ ਤੇਰੇ ਨਾਲ ਹਾਂ।' ਗੁਰਬੀਰ ਨੇ ਵੇਖਿਆ, ਉਸ ਦੇ ਬਸਤੇ ਦੀਆਂ ਕਿਤਾਬਾਂ ਬੋਲ ਰਹੀਆਂ ਸਨ।

ਹੁਣ ਗੁਰਬੀਰ ਦੇ ਕਦਮਾਂ ਵਿੱਚ ਅਨੋਖੀ ਸ਼ਕਤੀ ਸੀ ਅਤੇ ਮਨ ਵਿੱਚ ਤਾਜ਼ਗੀ।

ਇਸ ਵਾਰ ਜਦ ਗੁਰਬੀਰ ਨਤੀਜਾ ਵੇਖਣ ਸਕੂਲ ਗਿਆ ਤਾਂ ਚੰਗੇ ਨੰਬਰ ਪ੍ਰਾਪਤ ਕਰਨ ਦੀ ਸੂਚਨਾ ਨਾਲ ਬਹੁਤ ਖੁਸ਼ ਹੋਇਆ। ਉਹ ਤੇਜ਼ ਕਦਮਾਂ ਨਾਲ ਘਰ ਆ ਰਿਹਾ ਸੀ ਤਾਂ ਕਿਤਾਬਾਂ ਦੀਆਂ ਕਹੀਆਂ ਗੱਲਾਂ ਉਸ ਦੇ ਮਨ ਵਿੱਚ ਇਕਦਮ ਤਾਜ਼ਾ ਹੋ ਗਈਆਂ, 'ਮਿਹਨਤ ਕਰਕੇ ਪਾਸ ਹੋਣ ਨਾਲ ਜਿਹੜੀ ਖੁਸ਼ੀ ਮਿਲਦੀ ਹੈ, ਉਸ ਦਾ ਆਪਣਾ ਹੀ ਆਨੰਦ ਹੁੰਦਾ ਹੈ। ■



# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

**ਸਵਾਲ :** ਕਾਰ, ਬੱਸ ਜਾਂ ਟਰੱਕ ਦੀ ਸੀਟ ਦੇ ਸਾਹਮਣੇ ਇੱਕ ਸਮਤਲ ਸ਼ੀਸ਼ਾ ਕਿਉਂ ਲੱਗਾ ਰਹਿੰਦਾ ਹੈ?

**ਜਵਾਬ :** ਜਦ ਡਰਾਈਵਰ ਸੜਕ ਤੇ ਵਾਹਨ (ਕਾਰ, ਬੱਸ, ਟਰੱਕ) ਚਲਾਉਂਦਾ ਹੈ ਤਾਂ ਉਸ ਦੇ ਪਿੱਛੇ ਤੋਂ ਆਉਂਦੇ ਹੋਏ ਹੋਰ ਵਾਹਨਾਂ ਦਾ ਗਿਆਨ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ ਤਾਂਕਿ ਕੋਈ ਵੀ ਦੁਰਘਟਨਾ ਨਾ ਹੋਵੇ। ਸਮਤਲ ਸ਼ੀਸ਼ਾ ਇਸੇ ਮੰਤਵ ਦੀ ਪੂਰਤੀ ਲਈ ਲਗਾਇਆ ਜਾਂਦਾ ਹੈ। ਸਮਤਲ ਦਰਪਣ ਵਿੱਚ ਪ੍ਰਤੀਬਿੰਬ ਓਨੀ ਹੀ ਦੂਰ ਪਿੱਛੇ ਵੱਲ ਬਣਦਾ ਹੈ ਜਿੰਨੀ ਦੂਰੀ ਤੇ ਵਸਤੂ ਉਸ ਦੇ ਸਾਹਮਣੇ ਹੁੰਦੀ ਹੈ। ਇਸ ਲਈ ਡਰਾਈਵਰ ਪਿੱਛੇ ਆ ਰਹੀਆਂ ਗੱਡੀਆਂ ਨੂੰ ਵੇਖ ਕੇ ਉਹਨਾਂ ਦੀ ਦੂਰੀ ਦਾ ਅੰਦਾਜ਼ਾ ਲਗਾ ਸਕਦਾ ਹੈ।

**ਸਵਾਲ :** ਪ੍ਰਿਥਵੀ ਗਤੀਸ਼ੀਲ ਹੁੰਦੇ ਹੋਏ ਵੀ ਸਥਿਰ ਕਿਉਂ ਲੱਗਦੀ ਹੈ?

**ਜਵਾਬ :** ਸੌਰਮੰਡਲ ਵਿੱਚ ਗ੍ਰਹਿਆਂ ਦੀ ਗਿਣਤੀ ਨੌਂ ਹੈ ਜਿਹਨਾਂ ਵਿੱਚੋਂ ਇੱਕ ਪ੍ਰਿਥਵੀ ਵੀ ਹੈ। ਇਹਨਾਂ ਗ੍ਰਹਿਆਂ ਦਾ ਮੁੱਖੀਆ ਸੂਰਜ ਹੈ ਅਤੇ ਸਾਰੇ ਗ੍ਰਹਿ ਸੂਰਜ ਦੇ ਚਾਰੇ ਪਾਸੇ ਗਤੀ ਕਰਦੇ ਰਹਿੰਦੇ ਹਨ। ਪ੍ਰਿਥਵੀ ਦੇ ਆਪਣੇ ਧੁਰੇ ਤੇ ਲਗਾਤਾਰ ਘੁੰਮਦੇ ਰਹਿਣ ਕਾਰਣ ਵੀ ਤੁਹਾਨੂੰ ਇਸ ਦੇ ਘੁੰਮਣ ਦਾ ਅੰਦਾਜ਼ਾ ਕਿਉਂ ਨਹੀਂ ਹੁੰਦਾ? ਦਰਅਸਲ, ਪ੍ਰਿਥਵੀ ਇੱਕੋ ਜਿਹੀ ਗਤੀ ਨਾਲ ਘੁੰਮਦੀ ਹੈ। ਕਿਸੇ ਵਸਤੂ ਦੀ ਗਤੀ ਦਾ ਅਨੁਮਾਨ ਉਸ ਵਿੱਚ ਹੋਣ ਵਾਲੀ ਤਬਦੀਲੀ ਤੋਂ ਲੱਗ ਸਕਦਾ ਹੈ। ਹਾਂ, ਕਦੇ-ਕਦੇ ਸੂਰਜ ਦੀ ਬਦਲਦੀ ਹੋਈ ਹਾਲਤ ਨਾਲ ਪ੍ਰਿਥਵੀ ਦੀ ਗਤੀ ਤੇ ਪ੍ਰਭਾਵ ਜ਼ਰੂਰ ਹੁੰਦਾ ਹੈ।

**ਸਵਾਲ :** ਤੇਜ਼ ਧੁੱਪ ਵਿੱਚ ਮਿੱਟੀ ਦੀ ਬਜਾਏ ਪੱਥਰ ਜ਼ਿਆਦਾ ਗਰਮ ਕਿਉਂ ਹੋ ਜਾਂਦੇ ਹਨ?

**ਜਵਾਬ :** ਪਦਾਰਥ ਦੋ ਤਰ੍ਹਾਂ ਦੇ ਹੁੰਦੇ ਹਨ - ਸੁਚਾਲਕ ਅਤੇ ਕੁਚਾਲਕ। ਸੁਚਾਲਕ ਪਦਾਰਥ ਗਰਮੀ ਅਤੇ ਤਾਪ ਨੂੰ ਛੇਤੀ ਜਜ਼ਬ ਕਰਦੇ ਹਨ ਜਦਕਿ ਕੁਚਾਲਕ ਪਦਾਰਥ ਇੰਝ ਨਹੀਂ ਕਰ ਸਕਦੇ। ਪੱਥਰ ਮਿੱਟੀ ਦੀ ਬਜਾਏ ਜ਼ਿਆਦਾ ਗਰਮੀ ਦਾ ਸੁਚਾਲਕ ਹੈ। ਗਰਮੀਆਂ ਦੇ ਦਿਨਾਂ ਵਿੱਚ ਇਹ ਮਿੱਟੀ ਦੀ ਤੁਲਨਾ ਵਿੱਚ ਜ਼ਿਆਦਾ ਛੇਤੀ ਗਰਮੀ ਜਜ਼ਬ ਕਰਦਾ ਹੈ। ਇਸ ਲਈ ਤੇਜ਼ ਧੁੱਪ ਵਿੱਚ ਪੱਥਰ ਮਿੱਟੀ ਦੀ ਬਜਾਏ ਛੇਤੀ ਗਰਮ ਹੋ ਜਾਂਦੇ ਹਨ।

**ਸਵਾਲ :** ਸ਼ੈਂਪੂ ਨੂੰ ਹੇਠਾਂ ਡੇਗਣ ਤੇ ਲਹਿਰ ਜਿਹੀ ਕਿਉਂ ਬਣ ਜਾਂਦੀ ਹੈ?

**ਜਵਾਬ :** ਸ਼ੈਂਪੂ ਇੱਕ ਠੋਸ ਪਦਾਰਥ ਹੈ ਜਿਸ ਵਿੱਚ ਅਣੂ ਆਪਸ ਵਿੱਚ ਕੋਲ-ਕੋਲ ਰਹਿੰਦੇ ਹਨ। ਇਸ ਵਿੱਚ ਅਣੂ ਬਲ ਵੀ ਵਧੇਰੇ ਹੁੰਦਾ ਹੈ। ਜਦ ਸ਼ੈਂਪੂ ਨੂੰ ਹੇਠਾਂ ਡੇਗਿਆ ਜਾਂਦਾ ਹੈ ਤਾਂ ਇੱਕ ਲਹਿਰ ਜਿਹੀ ਬਣ ਜਾਂਦੀ ਹੈ ਅਤੇ ਇੱਕ ਢੇਰੀ ਦਾ ਰੂਪ ਗ੍ਰਹਿਣ ਕਰ ਲੈਂਦਾ ਹੈ। ਜਦ ਉਸ ਤੇ ਹੋਰ ਜ਼ਿਆਦਾ ਸ਼ੈਂਪੂ ਡੇਗਦੇ ਹਾਂ ਤਾਂ ਸ਼ੈਂਪੂ ਦੀਆਂ ਕਈ ਪਰਤਾਂ ਬਣ ਜਾਂਦੀਆਂ ਹਨ ਜੋ ਲੰਮੇ ਸਮੇਂ ਤੱਕ ਢੇਰੀ ਦੇ ਰੂਪ ਵਿੱਚ ਰਹਿੰਦੀਆਂ ਹਨ। ਹੌਲੀ-ਹੌਲੀ ਸ਼ੈਂਪੂ ਵਹਿਣ ਲੱਗਦਾ ਹੈ ਅਤੇ ਲਹਿਰ ਜਿਹੀ ਬਣ ਜਾਂਦੀ ਹੈ। ■

# ਤਿਉਹਾਰ ਹੋਲੀ ਦਾ ਆਇਆ

– ਹਰਜ਼ਿੰਦਰ ਪਾਇਲ


ਰੰਗ-ਰੰਗ ਦੇ ਰੰਗ ਲਏ,
ਤਿਉਹਾਰ ਹੋਲੀ ਦਾ ਆਇਆ।
ਮਸਤੀ ਅਤੇ ਉਮੰਗ ਲਏ,
ਤਿਉਹਾਰ ਹੋਲੀ ਦਾ ਆਇਆ।

ਨਗਰ-ਨਗਰ ਪਿੰਡ-ਪਿੰਡ,
ਬਸਤੀ-ਬਸਤੀ ਬਾਜ਼ਾਰਾਂ ਵਿੱਚ।
ਖੂਬ ਮੱਚੀ ਹੈ ਧੂਮ,
ਗਲੀਆਂ ਅਤੇ ਚੌਬਾਰਿਆਂ ਵਿੱਚ।

ਢੋਲ, ਮੰਜੀਰੇ, ਵੱਜਦੇ,
ਅਤੇ ਮਰਦੰਗ ਵੱਜ ਰਹੇ।
ਨੱਚ ਰਹੇ ਨੇ ਸਭ ਦੇ ਤਾਲ,
ਨੌਜਵਾਨ, ਬੱਚੇ, ਬੁੱਢੇ ਨਾਲ-ਨਾਲ।

ਝੂਠ ਉਤੇ ਸੱਚ ਦੀ ਜਿੱਤ,
ਦੱਸੇ ਇਹ ਤਿਉਹਾਰ।
ਮੇਲਜੋਲ ਅਤੇ ਭਾਈਚਾਰਾ,
ਸਿਖਾਏ ਇਹ ਤਿਉਹਾਰ।





# ਪੜ੍ਹਨ ਦੀ ਲਗਨ

– ਮਦਨ ਕਥੂਰੀਆ

ਮੰਮੀ ਮੈਂ ਕੱਲ ਤੋਂ ਸਕੂਲ ਨਹੀਂ ਜਾਵਾਂਗਾ। ਸਕੂਲ ਤੋਂ ਵਾਪਸ ਆਉਂਦੇ ਹੀ ਮਨੂੰ ਨੇ ਸਿਲਾਈ ਮਸ਼ੀਨ ਚਲਾ ਰਹੀ ਸੁਜਾਤਾ ਨੂੰ ਕਿਹਾ।

– ਕਿਉਂ, ਕੀ ਹੋਇਆ ਪੁੱਤਰ? ਕੀ ਅਧਿਆਪਕ ਨੇ ਝਿੜਕਿਆ ਹੈ? – ਮਸ਼ੀਨ ਦਾ ਖਿਲਾਰਾ ਸਮੇਟਦੇ ਹੋਏ ਸੁਜਾਤਾ ਨੇ ਮਨੂੰ ਦੇ ਸਿਰ ਤੇ ਹੱਥ ਫੇਰਦੇ ਹੋਏ ਪੁੱਛਿਆ।

– ਨਹੀਂ ਮੰਮੀ! ਅਧਿਆਪਕ ਤਾਂ ਕੁੱਝ ਨਹੀਂ ਕਹਿੰਦੇ ਪਰ ਸਾਰੀ ਜਮਾਤ ਦੇ ਲੜਕੇ-ਲੜਕੀਆਂ ਮੈਨੂੰ ਚਿੜਾਉਂਦੇ ਹਨ। ਮੈਨੂੰ ਬਦਸੂਰਤ ਕਹਿੰਦੇ ਹਨ। ਮੇਰੇ ਕੋਲ ਨਾ ਚੰਗੇ ਕੱਪੜੇ ਹਨ, ਨਾ ਜੁੱਤੇ-ਜੁਰਾਬਾਂ ਹਨ। ਸਾਰੇ ਲੜਕੇ-ਲੜਕੀਆਂ ਵਧੀਆ ਕੱਪੜੇ ਪਾ ਕੇ ਆਉਂਦੇ ਹਨ। ਅੱਧੀ ਛੁੱਟੀ ਵੇਲੇ ਚਾਕਲੇਟ, ਬਿਸਕੁਟ ਅਤੇ ਟੌਫੀਆਂ ਮੈਨੂੰ ਵਿਖਾ-ਵਿਖਾ ਕੇ ਖਾਂਦੇ ਹਨ। ਮੇਰੇ ਨਾਲ ਕੋਈ ਖੇਡਣਾ ਨਹੀਂ ਚਾਹੁੰਦਾ। ਮੰਮੀ ਹੁਣ ਮੈਂ ਘਰ ਵਿੱਚ ਹੀ ਰਿਹਾ ਕਰਾਂਗਾ। ਘਰ ਦੇ ਕੰਮ ਵਿੱਚ ਤੁਹਾਡਾ ਹੱਥ ਵਟਾ ਦਿਆ ਕਰਾਂਗਾ।-ਮਨੂੰ ਨੇ ਰੋਂਦੇ ਹੋਏ ਸਾਰੀ ਕਹਾਣੀ ਸੁਜਾਤਾ ਨੂੰ ਸੁਣਾ ਦਿੱਤੀ।

ਮਨੂੰ ਦੀਆਂ ਗੱਲਾਂ ਸੁਣ ਕੇ ਸੁਜਾਤਾ ਦਾ ਦਿਲ ਭਰ ਆਇਆ। ਉਹ ਕਹਿਣ ਲੱਗੀ- ਪੁੱਤਰ ਅਸੀਂ ਗਰੀਬ ਜ਼ਰੂਰ ਹਾਂ ਪਰ ਕਿਸੇ ਦੇ ਅੱਗੇ ਹੱਥ ਨਹੀਂ ਅੱਡਦੇ। ਕੀਮਤੀ ਕਪੜਿਆਂ ਨਾਲ ਕੋਈ ਸੁੰਦਰ ਨਹੀਂ ਹੁੰਦਾ, ਅਸਲੀ ਸੁੰਦਰਤਾ ਤਾਂ ਚੰਗੇ ਗੁਣਾਂ ਅਤੇ ਕਾਬਲੀਅਤ ਨਾਲ ਹੁੰਦੀ ਹੈ।

ਥੋੜ੍ਹਾ ਰੁਕ ਕੇ ਉਹ ਫਿਰ ਕਹਿਣ ਲੱਗੀ- ਮੈਂ ਚਾਹੁੰਦੀ ਹਾਂ ਪੁੱਤਰ ਤੂੰ ਖ਼ੂਬ ਮਨ ਲਗਾ ਕੇ ਪੜ੍ਹ ਅਤੇ ਜ਼ਮਾਤ ਵਿੱਚ ਪਹਿਲੇ ਦਰਜ਼ੇ ਤੇ ਆ। ਫਿਰ ਤੈਨੂੰ ਸਾਰੇ ਪਿਆਰ ਕਰਨਗੇ, ਤੈਨੂੰ ਸਾਰੇ ਸਨਮਾਨ ਦੇਣਗੇ। ਤੇਰੇ ਬਿਨਾ ਮੇਰਾ ਹੈ ਹੀ ਕੌਣ? ਤੂੰ ਸਕੂਲ ਨਹੀਂ ਜਾਏਂਗਾ ਤਾਂ ਮੇਰੇ ਸੁਪਨੇ ਟੁੱਟ ਜਾਣਗੇ। ਕਹਿੰਦੇ-ਕਹਿੰਦੇ ਸੁਜਾਤਾ ਦੀਆਂ ਅੱਖਾਂ ਵਿੱਚ ਹੰਝੂ ਭਰ ਆਏ।

ਮਾਂ ਦੀਆਂ ਅੱਖਾਂ ਵਿੱਚ ਹੰਝੂ ਵੇਖ ਕੇ ਮਨੂੰ ਦੁੱਖੀ ਹੋ ਕੇ ਬੋਲਿਆ- ਮੰਮੀ, ਮੈਨੂੰ ਮਾਫ਼ ਕਰ ਦਿਉ, ਮੈਂ ਰੋਜ਼ ਸਕੂਲ ਜਾਊਂਗਾ ਅਤੇ ਖ਼ੂਬ ਪੜਾਂਗਾ। ਤੁਹਾਡੇ ਸੁਪਨੇ ਸੱਚ ਹੋਣਗੇ ਮੰਮੀ।

ਹੁਣ ਮਨੂੰ ਖੁਸ਼ੀ-ਖੁਸ਼ੀ ਸਕੂਲ ਜਾਣ ਲੱਗਾ। ਆਪਣੇ ਸਾਥੀਆਂ ਦੇ ਚਿੜਾਉਣ ਦਾ ਉਸ ਦੇ ਕੋਈ

ਅਸਰ ਨਹੀਂ ਹੁੰਦਾ ਸੀ। ਉਹ ਸਮੇਂ ਸਿਰ ਸਾਰਾ ਕੰਮ ਕਰ ਲੈਂਦਾ ਸੀ ਅਤੇ ਕਿਸੇ ਨਾ ਕਿਸੇ ਵਿਸ਼ੇ ਦਾ ਸਵਾਲ ਅਧਿਆਪਕ ਤੋਂ ਪੁੱਛਦਾ ਰਹਿੰਦਾ ਸੀ। ਅਧਿਆਪਕ ਵੀ ਉਸ ਦੀ ਲਗਨ ਅਤੇ ਮਿਹਨਤ ਵੇਖ ਕੇ ਉਸ ਨੂੰ ਦੱਸਣ ਵਿੱਚ ਰੁਚੀ ਲੈਣ ਲੱਗੇ। ਨਤੀਜਾ ਇਹ ਹੋਇਆ ਕਿ ਮਹੀਨਾਵਰ ਪ੍ਰੀਖਿਆਵਾਂ ਅਤੇ ਟੈਸਟਾਂ ਵਿੱਚ ਪੂਰੀ ਜਮਾਤ ਵਿੱਚੋਂ ਸਭ ਤੋਂ ਵੱਧ ਨੰਬਰ ਮਨੂੰ ਨੇ ਹੀ ਪ੍ਰਾਪਤ ਕੀਤੇ।

ਅੱਠਵੀਂ ਦੀ ਪ੍ਰੀਖਿਆ ਦਾ ਨਤੀਜਾ ਘੋਸ਼ਿਤ ਹੋਇਆ। ਮਨੂੰ ਨੇ ਪੂਰੇ ਜ਼ਿਲੇ ਵਿੱਚੋਂ ਪਹਿਲਾ ਦਰਜ਼ਾ ਹਾਸਿਲ ਕੀਤਾ। ਅਖਬਾਰਾਂ ਵਿੱਚ ਮਨੂੰ ਦੀ ਫੋਟੋ ਅਤੇ ਸੰਖੇਪ ਜਾਣ-ਪਛਾਣ ਛੱਪੀ। ਜ਼ਿਲਾ ਸਕੂਲ ਨਿਰੀਖਕ ਨੇ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ-ਵਿਦਿਆਰਥਣਾਂ ਨੂੰ ਪੁਰਸਕਾਰਿਤ ਕਰਨ ਦੀ ਘੋਸ਼ਣਾ ਕੀਤੀ ਸੀ।

ਅੱਜ ਮਨੂੰ ਦੇ ਸਕੂਲ ਵਿੱਚ ਖ਼ੂਬ ਸਜਾਵਟ ਕੀਤੀ ਜਾ ਰਹੀ ਸੀ। ਅਧਿਆਪਕ- ਅਧਿਆਪਕਾਵਾਂ ਸਮਾਰੋਹ ਦੀ ਵਿਵਸਥਾ ਵਿੱਚ ਲੱਗੇ ਹੋਏ ਸਨ। ਸਥਾਨਕ ਵਿਦਿਆਰਥੀ-ਵਿਦਿਆਰਥਣਾਂ ਦੇ ਮਾਪਿਆਂ ਨੂੰ ਵੀ ਸੱਦਿਆ ਗਿਆ ਸੀ। ਸਾਰੇ ਵਿਦਿਆਰਥੀ ਸਕੂਲ ਦੇ ਹਾਲ ਵਿੱਚ ਪੁੱਜ ਗਏ ਸਨ। ਮੰਚ ਦੇ ਇੱਕ ਪਾਸੇ ਸੱਜੀਆਂ ਕੁਰਸੀਆਂ ਤੇ ਮਹਿਮਾਨ ਬੈਠ ਚੁੱਕੇ ਸਨ।

ਉਹਨਾਂ ਵਿੱਚ ਹੀ ਮਨੂੰ ਦੀ ਮਾਤਾ ਜੀ ਚੁੱਪਚਾਪ ਬੈਠੀ ਸੀ।

ਤਦੇ ਅਚਾਨਕ ਹਾਲ ਵਿੱਚ ਜ਼ਿਲਾ ਨਿਰੀਖਕ ਦਾ ਦਾਖਲਾ ਹੋਇਆ। ਮੁੱਖ ਮਹਿਮਾਨ ਦੀ ਕੁਰਸੀ ਤੇ ਬੈਠਦੇ ਹੋਏ ਜ਼ਿਲਾ ਨਿਰੀਖਕ ਨੇ ਹੱਥ ਜੋੜ ਕੇ ਸਾਰਿਆਂ ਦਾ ਧੰਨਵਾਦ ਕੀਤਾ। ਹਾਰ ਪਾਉਣ ਅਤੇ ਸਮੂਹਗਾਨ ਦੇ ਬਾਅਦ ਪਹਿਲੇ ਦਰਜ਼ੇ ਤੇ ਆਏ ਹੋਏ ਵਿਦਿਆਰਥੀ-ਵਿਦਿਆਰਥਣਾਂ ਨੂੰ ਮੰਚ ਤੇ ਬੁਲਾਇਆ ਗਿਆ। ਉਹਨਾਂ ਵਿੱਚ ਮਨੂੰ ਵੀ ਸੀ ਜਿਹੜਾ ਆਪਣੇ ਸਕੂਲ ਦਾ ਮਾਣਮਈ ਪ੍ਰਤੀਨਿਧੀਤਵ ਕਰ ਰਿਹਾ ਸੀ। ਪਹਿਲਾ ਦਰਜ਼ਾ ਹਾਸਿਲ ਕਰਨ ਵਾਲੇ ਮਨੂੰ ਦੀ ਜਾਣ-ਪਛਾਣ ਮੁੱਖ ਮਹਿਮਾਨ ਨਾਲ ਕਰਵਾਈ ਗਈ।

ਮੁੱਖ ਮਹਿਮਾਨ ਨੇ ਕੁਰਸੀ ਤੋਂ ਉਠ ਕੇ ਮਨੂੰ ਦੇ ਸਿਰ ਤੇ ਹੱਥ ਫੇਰਦੇ ਹੋਏ ਕਿਹਾ ਕਿ – ਕਿੰਨਾ ਸੁੰਦਰ ਲੜਕਾ ਹੈ, ਅਗੋਂ ਵੀ ਖ਼ੂਬ ਮਨ ਲਗਾ ਕੇ ਪੜ੍ਹਨਾ।

ਉਸ ਦੇ ਬਾਅਦ ਮਨੂੰ ਨੂੰ ਟ੍ਰਾਫੀ ਅਤੇ ਅਗਲੀ ਜਮਾਤ ਦੀਆਂ ਪੂਰੀਆਂ ਕਿਤਾਬਾਂ ਪੁਰਸਕਾਰ ਵਿੱਚ ਦਿੱਤੀਆਂ ਗਈਆਂ। ਸਾਰੇ ਵਿਦਿਆਰੀਥੀਆਂ ਅਤੇ ਹਾਜ਼ਿਰ ਲੋਕਾਂ ਨੇ ਤਾੜੀਆਂ ਨਾਲ ਮਨੂੰ ਦਾ ਸੁਆਗਤ ਕੀਤਾ। ਖ਼ੁਸ਼ੀ-ਖ਼ੁਸ਼ੀ ਸਮਾਰੋਹ ਸੰਪੰਨ ਹੋਇਆ।

ਪੁਰਸਕਾਰ ਦੀਆਂ ਚੀਜ਼ਾਂ ਮਾਂ ਨੂੰ ਦਿੰਦੇ ਹੋਏ ਮਨੂੰ ਦੀਆਂ ਅੱਖਾਂ ਵਿੱਚ ਖੁਸ਼ੀ ਦੇ ਹੰਝੂ ਭਰ ਆਏ। ਸੁਜਾਤਾ ਨੇ ਮੰਨੂੰ ਨੂੰ ਬਾਹਾਂ ਵਿੱਚ ਭਰ ਕੇ ਚੁੰਮਦੇ ਹੋਏ ਕਿਹਾ – ਮੇਰਾ ਸੁਪਨਾ ਕਦੇ ਨਹੀਂ ਟੁੱਟੇਗਾ ਪੁੱਤਰ। ■



# ਬਿੱਲੀ ਮੱਛੀ

## ਇੱਕ ਰੋਚਕ ਸਮੁੰਦਰੀ ਜੀਵ

– ਡਾ. ਪਰਸ਼ੂਰਾਮ ਸ਼ੁਕਲ

ਬਿੱਲੀ ਮੱਛੀ ਮੁੱਖ ਰੂਪ ਨਾਲ ਤਾਜ਼ੇ ਪਾਣੀ ਦੀਆਂ ਨਦੀਆਂ ਅਤੇ ਝੀਲਾਂ ਦੀ ਮੱਛੀ ਹੈ। ਇਹ ਉੱਤਰੀ ਗੋਲਾਕਾਰ ਦੇ ਠੰਡੇ ਸਥਾਨਾਂ ਨੂੰ ਛੱਡ ਕੇ ਸੰਪੂਰਣ ਵਿਸ਼ਵ ਵਿੱਚ ਪਾਈ ਜਾਂਦੀ ਹੈ। ਇਸ ਦੇ ਤਹਿਤ 35 ਪਰਿਵਾਰਾਂ ਦੀਆਂ ਦੋ ਹਜ਼ਾਰ ਤੋਂ ਵੱਧ ਜਾਤੀਆਂ ਆਉਂਦੀਆਂ ਹਨ ਜਿਹਨਾਂ ਵਿੱਚੋਂ ਕੁੱਝ ਨਦੀਆਂ ਵਿੱਚ ਅਤੇ ਕੁੱਝ ਸਾਗਰਾਂ ਵਿੱਚ ਵੀ ਮਿਲ ਜਾਂਦੀਆਂ ਹਨ। ਇਹ ਅਜਿਹੇ ਪਾਣੀ ਵਿੱਚ ਰਹਿਣਾ ਪਸੰਦ ਕਰਦੀ ਹੈ, ਜਿਥੇ ਜਲ ਦੇ ਪੌਦੇ ਹੋਣ। ਇਸ ਦੇ ਮੂੰਹ ਤੇ ਬਿੱਲੀ ਵਾਂਗ ਤਿੰਨ ਜੋੜੇ ਮੁੱਛਾਂ ਹੁੰਦੀਆਂ ਹਨ। ਇਸ ਲਈ ਇਸ ਨੂੰ ਬਿੱਲੀ ਮੱਛੀ ਕਹਿੰਦੇ ਹਨ। ਬਿੱਲੀ ਮੱਛੀ ਦਿਨ ਦੇ ਸਮੇਂ ਪਾਣੀ ਦੇ ਤਲ ਤੇ ਪਈ ਰਹਿੰਦੀ ਹੈ, ਇਸ ਲਈ ਦਿਖਾਈ ਨਹੀਂ ਦਿੰਦੀ। ਰਾਤ ਦੇ ਸਮੇਂ ਇਹ ਪਾਣੀ ਦੀ ਸਤਹ ਤੇ ਆ ਜਾਂਦੀ ਹੈ।

ਯੂਰਪ ਦੀ ਬਿੱਲੀ ਮੱਛੀ ਨੂੰ ਸਲਿਊਰਸ, ਸ਼ੀਟਫਿਸ਼ ਅਤੇ ਵੇਲਸ ਆਦਿ ਨਾਵਾਂ ਨਾਲ ਪੁਕਾਰਦੇ ਹਨ। ਇਹ ਵਿਸ਼ਵ ਦੀ ਸਭ ਤੋਂ ਵੱਡੀ ਬਿੱਲੀ ਮੱਛੀ ਹੈ। ਇਸ ਦੀ ਲੰਬਾਈ 2.75 ਮੀਟਰ ਹੁੰਦੀ ਹੈ। ਇਸ ਦੀ ਇੱਕ ਜੋੜੇ ਤੋਂ ਵੱਧ ਪੂਛਾਂ ਹੁੰਦੀਆਂ ਹਨ ਅਤੇ ਇਹਨਾਂ ਨੂੰ ਇਹ ਆਪਣੀ ਇੱਛਾ ਨਾਲ ਹਿਲਾ-ਜੁਲਾ ਵੀ ਸਕਦੀ ਹੈ।

ਅਫਰੀਕਾ ਦੇ ਗਰਮਖੰਡੀ ਹਿੱਸਿਆਂ ਵਿੱਚ ਇੱਕ ਅਨੋਖੀ ਬਿੱਲੀ ਮੱਛੀ ਮਿਲਦੀ ਹੈ। ਇਸ ਨੂੰ ਉਲਟੀ ਬਿੱਲੀ ਮੱਛੀ ਕਹਿੰਦੇ ਹਨ। ਇਹ ਆਮ ਰੂਪ ਨਾਲ ਤੈਰਦੀ ਹੋਈ ਮੁੜ ਜਾਂਦੀ ਹੈ ਅਤੇ ਉਲਟੀ ਹੋ ਕੇ ਤੈਰਨ ਲੱਗਦੀ ਹੈ। ਇਸ ਤਰ੍ਹਾਂ ਲੀਯੋ ਕੈਸਿਸ ਸਪਈਮੇਨਸਿਸ ਅਤੇ ਲੀਯੋ ਕੈਸਿਸ ਪੀਸਿਲੋਪਟਿਯਸ ਨਾਂ ਦੀਆਂ ਬਿੱਲੀ ਮੱਛੀਆਂ ਤੈਰਦੀਆਂ ਤਾਂ ਸਿੱਧੀਆਂ ਹਨ ਪ੍ਰੰਤੂ ਇਹ ਪਾਣੀ ਵਿੱਚ ਖੜੋਤੇ-ਖੜੋਤੇ ਆਰਾਮ ਕਰਦੀਆਂ ਹਨ। ਅਫਰੀਕਾ ਦੇ ਕੁੱਝ ਹਿੱਸਿਆਂ ਵਿੱਚ ਬਿਜਲੀ ਪੈਦਾ ਕਰਨ ਵਾਲੀ ਈਲ ਮੱਛੀ ਵਾਂਗ ਬਿੱਲੀ ਮੱਛੀ ਵੀ ਮਿਲ ਜਾਂਦੀ ਹੈ। ਇਹ ਇੱਕ ਖਤਰਨਾਕ ਮੱਛੀ ਹੈ।

ਦੱਖਣੀ ਅਮਰੀਕਾ ਦੀ ਇਕੇਨਥੋਡੇਰਾਸ ਸਪਾਈਨੋਸੀਸਿਮਸ ਨਾਮਕ ਮੱਛੀ ਬੜੀ ਸੁਸਤ ਅਤੇ ਆਲਸੀ ਹੁੰਦੀ ਹੈ। ਇਹ ਦਿਨ ਭਰ ਪਾਣੀ ਦੇ ਤਲ ਦੀ ਰੇਤ ਵਿੱਚ ਦੱਬੀ ਪਈ ਰਹਿੰਦੀ ਹੈ। ਇਸ ਵਕਤ ਸਿਰਫ ਇਸ ਦਾ ਸਿਰ ਬਾਹਰ ਰਹਿੰਦਾ ਹੈ। ਇਸ ਬਿੱਲੀ ਮੱਛੀ ਨੂੰ ਦਿਨ ਦੇ ਸਮੇਂ ਜੇਕਰ ਪਾਣੀ ਤੋਂ ਬਾਹਰ ਕੱਢਿਆ ਜਾਵੇ ਤਾਂ ਇਹ ਸੂਰ ਦੀ ਤਰ੍ਹਾਂ ਗੁਰਾਉਣ ਦੀ ਆਵਾਜ਼ ਕੱਢਦੀ ਹੈ।

ਭਾਰਤ ਅਤੇ ਬਰਮਾ ਵਿੱਚ ਟੇਂਗਾਰਾ ਅਤੇ ਚਾਕਾਚਾਮਾ ਨਾਂ ਦੀਆਂ ਦੋ ਬਿੱਲੀ ਮੱਛੀਆਂ ਮਿਲਦੀਆਂ ਹਨ। ਇਹਨਾਂ ਵਿੱਚ ਟੇਂਗਾਰਾ ਬਹੁਤ ਹੀ ਸੁੰਦਰ ਮੱਛੀ ਹੈ। ਇਸ ਦੇ ਸਰੀਰ ਦਾ ਰੰਗ ਹਰਾ-ਪੀਲਾ ਹੁੰਦਾ ਹੈ ਅਤੇ ਪਿੱਠ ਕਥੱਈ ਹੁੰਦੀ ਹੈ। ਦੂਸਰੀ ਬਿੱਲੀ ਮੱਛੀ ਚਾਕਾਚਾਮਾ ਦੀ ਲੰਬਾਈ 20 ਸੈਂਟੀਮੀਟਰ ਅਤੇ ਸਰੀਰ ਤੇ ਕਥੱਈ ਰੰਗ ਦੇ ਨਿਸ਼ਾਨ ਹੁੰਦੇ ਹਨ। ਚਾਕਾਚਾਮਾ ਦਾ ਸਰੀਰ ਬਹੁਤ ਚਪਟਾ ਅਤੇ ਸਿਰ ਵੱਡਾ ਹੁੰਦਾ ਹੈ। ਇਸ ਵਿੱਚ ਬਹੁਤ ਵਧੀਆ ਕਾਮਾਫਲਾਸ ਹੁੰਦਾ ਹੈ। ਚਾਕਾਚਾਮਾ ਨੂੰ ਆਪਣੇ ਕਾਮਾਫਲਾਸ ਤੇ ਐਨਾ ਜ਼ਿਆਦਾ ਵਿਸ਼ਵਾਸ ਹੁੰਦਾ ਹੈ ਕਿ ਛੂਹਣ ਤੇ ਇਹ ਪੱਥਰ ਦੀ ਤਰ੍ਹਾਂ ਪਈ ਰਹਿੰਦੀ ਹੈ।

ਬਿੱਲੀ ਮੱਛੀ ਦਾ ਮੁੱਖ ਭੋਜਨ ਛੋਟੇ-ਛੋਟੇ ਕੀੜੇ-ਮਕੌੜੇ, ਡੱਡੂ, ਕ੍ਰਸਟੇਸ਼ੀਅਨ ਅਤੇ ਮੱਛੀਆਂ ਹਨ। ਇਹ ਦਿਨ ਦੇ ਵਕਤ ਪਾਣੀ ਦੇ ਤਲ ਵਿੱਚ ਪਈ ਰਹਿੰਦੀ



ਹੈ ਅਤੇ ਆਪਣੀਆਂ ਮੁੱਛਾਂ ਨਾਲ ਜ਼ਮੀਨ ਖੋਦ-ਖੋਦ ਕੇ ਛੋਟੇ-ਛੋਟੇ ਜੀਵ ਖਾਂਦੀ ਹੈ ਅਤੇ ਰਾਤ ਨੂੰ ਸ਼ਿਕਾਰ ਦੀ ਖੋਜ ਵਿੱਚ ਨਿਕਲਦੀ ਹੈ। ਯੂਰਪ ਦੀ ਵੇਲਸ ਕੇਟ ਫਿਸ਼ ਅਤੇ ਇਸੇ ਤਰ੍ਹਾਂ ਦੀਆਂ ਕੁੱਝ ਵੱਡੀਆਂ ਬਿੱਲੀ ਮੱਛੀਆਂ ਛੋਟੇ-ਛੋਟੇ ਪੰਛੀਆਂ ਅਤੇ ਥਣਧਾਰੀ ਜੀਵਾਂ ਦਾ ਸ਼ਿਕਾਰ ਕਰਦੀਆਂ ਹਨ। ਵੇਲਸ ਮੱਛੀ ਬੜੀ ਪੇਟੂ ਹੁੰਦੀ ਹੈ। ਇਹ ਇੱਕ ਖਤਰਨਾਕ ਬਿੱਲੀ ਮੱਛੀ ਹੈ ਅਤੇ ਭੇਡ ਅਤੇ ਬੱਕਰੀ ਦੇ ਬੱਚਿਆਂ ਦੇ ਨਾਲ-ਨਾਲ ਮਾਨਵ ਦੇ ਬੱਚੇ ਤੱਕ ਖਾ ਜਾਂਦੀ ਹੈ। ਸੋਹਲਵੀਂ ਸਦੀ ਦੇ ਪ੍ਰਸਿੱਧ ਲੇਖਕ ਜੇਸਨਰ ਨੇ ਇੱਕ ਅਜਿਹੀ ਵੇਲਸ ਮੱਛੀ ਦਾ ਹਵਾਲਾ ਦਿੱਤਾ ਹੈ ਜਿਸ ਦੇ ਢਿੱਡ ਵਿੱਚ ਇੱਕ ਬਾਲਕ ਮਨੁੱਖ ਦਾ ਸਿਰ ਅਤੇ ਸੋਨੇ ਦੀਆਂ ਅੰਗੂਠੀਆਂ ਸਮੇਤ ਹੱਥ ਮਿਲਿਆ ਸੀ।

ਬਿੱਲੀ ਮੱਛੀ ਦੀਆਂ ਕੁੱਝ ਜਾਤੀਆਂ ਦੇ ਚੂਸਣ ਵਾਲੇ ਮੂੰਹ ਹੁੰਦੇ ਹਨ। ਇਹ ਅਕਸਰ ਪਹਾੜੀ ਖੇਤਰਾਂ ਵਿੱਚ ਵਹਿਣ ਵਾਲੀਆਂ ਨਦੀਆਂ ਵਿੱਚ ਚਟਾਨਾਂ ਨੂੰ ਫੜ ਕੇ ਲਟਕੀਆਂ ਰਹਿੰਦੀਆਂ ਹਨ ਅਤੇ ਕਾਈ ਖਾਂਦੀਆਂ ਹਨ। ਇਸ ਤਰ੍ਹਾਂ ਦੀਆਂ ਬਿੱਲੀ ਮੱਛੀਆਂ ਇਕਵੇਰੀਅਮ ਲਈ ਬੜੀਆਂ ਲਾਹੇਵੰਦ ਹੁੰਦੀਆਂ ਹਨ। ਇਹ ਇਕਵੇਰੀਅਮ ਦੀ ਸਾਰੀ ਕਾਈ ਸਾਫ਼ ਕਰ ਦਿੰਦੀਆਂ ਹਨ ਜਿਸ ਨਾਲ ਇਹਨਾਂ ਵਿੱਚ ਗੰਦਗੀ ਇੱਕਠੀ ਨਹੀਂ ਹੁੰਦੀ।

ਬਿੱਲੀ ਮੱਛੀ ਦੀ ਇੱਕ ਸੀਨੀਅਰ ਜਾਤੀ ਮਿਲਦੀ ਹੈ ਐਸਪ੍ਰੀਡੀਨਿਕਥਿਸ ਟਿਬਿਕੇਨ। ਇਸ ਦੀ ਪੂਛ ਸਧਾਰਣ ਰੂਪ ਨਾਲ ਲੰਮੀ ਹੁੰਦੀ ਹੈ। ਕਦੇ-ਕਦੇ ਤਾਂ ਇਸ ਦੀ ਪੂਛ ਇਸ ਦੇ ਸਰੀਰ ਤੋਂ ਤਿੰਨ ਗੁਣਾ ਤੱਕ ਲੰਮੀ ਵੇਖੀ ਗਈ ਹੈ। ਪ੍ਰਜਨਨ ਕਾਲ ਵਿੱਚ ਇਸ ਬਿੱਲੀ ਮੱਛੀ ਦੀ ਮਾਦਾ ਦੇ ਸਰੀਰ ਤੇ ਸੰਪਰਕਾਂ (ਟੇਨਟਕਿਲਸ) ਦੀ ਤਰ੍ਹਾਂ ਪੇਚ ਉਭਰ ਆਉਂਦੇ ਹਨ। ਇਸ ਦੇ ਆਂਡੇ ਇਹਨਾਂ ਪੇਚਾਂ ਤੇ ਲਟਕੇ ਰਹਿੰਦੇ ਹਨ। ਕੈਲਿਕਥਿਸ ਨਾਮਕ 16 ਸੈਂਟੀਮੀਟਰ ਲੰਮੀ ਬਿੱਲੀ ਮੱਛੀ ਪੱਤਿਆਂ ਦੇ ਹੇਠਾਂ ਹਵਾ ਦੇ ਬੁਲਬਲਿਆਂ ਦਾ ਆਲ੍ਹਣਾ ਤਿਆਰ ਕਰਦੀ ਹੈ ਅਤੇ ਇਸੇ ਵਿੱਚ ਆਂਡੇ ਦਿੰਦੀ ਹੈ। ਇਸ ਵਿੱਚ ਨਰ ਆਂਡਿਆਂ ਦੀ ਸੁਰੱਖਿਆ ਕਰਦਾ ਹੈ। ਇਸ ਕਾਲ ਵਿੱਚ ਇਸ ਨੂੰ ਪਰੇਸ਼ਾਨ ਕੀਤਾ ਜਾਵੇ ਤਾਂ ਇਹ ਸੂਰ ਦੇ ਵਾਂਗ ਆਵਾਜ਼ ਕੱਢਦੀ ਹੈ। ਇਸ ਦੇ ਨਵਜੰਮੇ ਬੱਚੇ ਟੇਡਪੋਲ ਵਰਗੇ ਹੁੰਦੇ ਹਨ ਅਤੇ ਇਹਨਾਂ ਦਾ ਰੰਗ ਕਾਲਾ ਹੁੰਦਾ ਹੈ।

ਸਾਗਰ ਵਿੱਚ ਮਿਲਣ ਵਾਲੀ ਏਰੀਡਾਈ ਪਰਿਵਾਰ ਦੀ ਬਿੱਲੀ ਮੱਛੀਆਂ ਦੇ ਆਂਡੇ ਬਹੁਤ ਵੱਡੇ ਆਕਾਰ ਦੇ ਹੁੰਦੇ ਹਨ। ਕੁੱਝ ਜਾਤੀਆਂ ਦੀ ਮਾਦਾ ਬਿੱਲੀ ਮੱਛੀਆਂ ਦੇ ਆਂਡਿਆਂ ਦਾ ਆਕਾਰ ਤਾਂ ਢਾਈ ਸੈਂਟੀਮੀਟਰ ਤੱਕ ਹੁੰਦਾ ਹੈ। ਇਹਨਾਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹਨਾਂ ਵਿੱਚ ਨਰ ਹਮੇਸ਼ਾਂ ਆਪਣੇ ਮੂੰਹ ਵਿੱਚ ਆਂਡੇ ਸੇਕਦਾ ਹੈ। ਇੱਕ ਮਹੀਨੇ ਵਿੱਚ ਆਂਡਿਆਂ ਵਿੱਚੋਂ ਬੱਚੇ ਨਿਕਲਦੇ ਹਨ। ਇਸ ਕਾਲ ਵਿੱਚ ਇਹ ਪੂਰਾ ਸਮਾਂ ਕੁੱਝ ਨਹੀਂ ਖਾਂਦਾ। ਆਂਡਿਆਂ ਵਿੱਚੋਂ ਬੱਚੇ ਨਿਕਲਣ ਦੇ ਬਾਅਦ ਵੀ ਇਹ ਉਹਨਾਂ ਦੀ ਸੁਰੱਖਿਆ ਕਰਦਾ ਹੈ ਅਤੇ ਖਤਰਾ ਨੇੜੇ ਹੋਣ ਤੇ ਆਪਣੇ ਬੱਚਿਆਂ ਨੂੰ ਫਿਰ ਮੂੰਹ ਵਿੱਚ ਭਰ ਲੈਂਦਾ ਹੈ।

ਬਿੱਲੀ ਮੱਛੀ ਇੱਕ ਰੋਚਕ ਜਲ ਜੀਵ ਹੈ। ਇਸ ਦੀ ਬਹੁਤ ਸਾਰੀਆਂ ਜਾਤੀਆਂ ਤੇ ਖੋਜ ਕੀਤੀ ਜਾ ਰਹੀ ਹੈ ਅਤੇ ਉਮੀਦ ਕੀਤੀ ਜਾਂਦੀ ਹੈ ਕਿ ਛੇਤੀ ਹੀ ਇਹਨਾਂ ਦੇ ਸੰਬੰਧ ਵਿੱਚ ਹੋਰ ਵੀ ਰੋਚਕ ਅਤੇ ਵਿਲੱਖਣ ਤੱਥ ਪ੍ਰਾਪਤ ਹੋਣਗੇ। ■

# ਹਾਸਾ ਖੇਡਾ



ਲਾਲੀ : ਮੋਨਾ! ਤੂੰ ਅੱਜਕਲ ਅੰਗ੍ਰੇਜ਼ੀ ਬਹੁਤ ਬੋਲਦੀ ਹੈ?

ਮੋਨਾ : ਦੀਦੀ ਪੇਪਰਾਂ ਵਿੱਚ ਮੈਂ ਅੰਗ੍ਰੇਜ਼ੀ ਦਾ ਪੂਰਾ ਪੇਪਰ ਚਬਾ ਲਿਆ ਸੀ।

---

ਕਲਪਨਾ : (ਉਪਾਸਨਾ ਨੂੰ) ਵੇਖ ਹੁਣ ਗੇਂਦ ਹੇਠਾਂ ਨਹੀਂ ਆਉਣੀ ਚਾਹੀਦੀ ਨਹੀਂ ਤਾਂ ਮੈਂ ਗੇਂਦ ਮੰਮੀ-ਪਾਪਾ ਕੋਲ ਪਹੁੰਚਾ ਦੇਵਾਂਗੀ।

ਉਪਾਸਨਾ : ਅਰੇ ਕੀ ਮੰਮੀ-ਪਾਪਾ ਵੀ ਗੇਂਦ ਖੇਡਦੇ ਹਨ?

---

ਅਧਿਆਪਕ : (ਵਿਦਿਆਰਥੀ ਨੂੰ) 'ਪਰਿਭਾਸ਼ਾ' ਕਿਸ ਨੂੰ ਕਹਿੰਦੇ ਹਨ?

ਵਿਦਿਆਰਥੀ : ਸਰ ਪਰੀਆਂ ਦੀ ਭਾਸ਼ਾ ਨੂੰ ਪਰਿਭਾਸ਼ਾ ਕਹਿੰਦੇ ਹਨ।

*– ਗੁਰਚਰਨ ਆਨੰਦ*

ਅਤੁੱਲ : ਅਰੇ ਭਾਈ ਤੂੰ ਤਲਾਬ ਵਿੱਚ ਡੁੱਬਦੇ ਬੱਚੇ ਨੂੰ ਡੁੱਬਣ ਤੋਂ ਬਚਾਇਆ ਅਤੇ ਫਿਰ ਬਾਹਰ ਕੱਢ ਕੇ ਮਾਰਿਆ ਕਿਉਂ?

ਨਿਖਿਲ : ਅਰੇ ਜਦ ਉਥੇ ਸਾਹਮਣੇ ਸਾਫ਼ ਲਿਖਿਆ ਸੀ ਕਿ 'ਤਰਨਾ ਮਨ੍ਹਾ ਹੈ' ਤਾਂ ਉਹ ਤਰਨ ਕਿਉਂ ਗਿਆ?

---

ਗੁੱਡੀ : (ਅਮਨ ਨੂੰ) ਭਾਈ ਮੈਂ ਬਰਫ ਖਾਵਾਂਗੀ।

ਅਮਨ : ਗੁੱਡੀ, ਸਰਦੀਆਂ ਵਿੱਚ ਬਰਫ ਨਹੀਂ ਖਾਂਦੇ।

ਗੁੱਡੀ : ਭਾਈ ਮੈਂ ਬਰਫ ਗਰਮ ਕਰਕੇ ਖਾ ਲਵਾਂਗੀ।

*– ਦੀਪ*

ਮੰਮੀ : ਸੁਸ਼ੀਲ, ਅਸੀਂ ਅੱਜ ਜੋ ਪਕੌੜੇ ਖਾਧੇ ਹਨ, ਉਨ੍ਹਾਂ ਬਾਰੇ ਆਪਣੇ ਪਾਪਾ ਨੂੰ ਨਾ ਦੱਸਣਾ।

ਸੁਸ਼ੀਲ : ਮੰਮੀ, ਨਹੀਂ ਦੱਸਾਂਗਾ। ਹੁਣ ਵੇਖੋ ਮੈਂ ਅਤੇ ਪਾਪਾ ਕਈ ਵਾਰ ਬਜ਼ਾਰ ਜਾ ਕੇ ਆਈਸਕ੍ਰੀਮ ਖਾਂਦੇ ਹਾਂ। ਕੀ ਮੈਂ ਕਦੇ ਤੁਹਾਨੂੰ ਇਸ ਬਾਰੇ ਦੱਸਿਆ ਹੈ?

*– ਅਮਿਤ*

ਨੰਦੂ : ਕੱਲ ਸਾਡੇ ਘਰ ਚੋਰ ਵੜ ਗਏ ਅਤੇ ਨਕਦੀ, ਗਹਿਣੇ ਆਦਿ ਸਭ ਕੁੱਝ ਲੈ ਗਏ।

ਮਿੱਤਰ : ਪਰ ਤੂੰ ਹਮੇਸ਼ਾਂ ਆਪਣੇ ਨਾਲ ਪਿਸਤੌਲ ਰੱਖਦਾ ਹੈ?

ਨੰਦੂ : ਗਨੀਮਤ ਸਮਝੋ ਕਿ ਚੋਰਾਂ ਦੀ ਨਜ਼ਰ ਪਿਸਤੌਲ ਤੇ ਨਹੀਂ ਪਈ, ਨਹੀਂ ਤਾਂ ਉਸ ਤੋਂ ਵੀ ਹੱਥ ਧੋਣੇ ਪੈਂਦੇ।

---

ਇੱਕ ਗਵਾਂਢੀ : (ਦੂਸਰੇ ਗਵਾਂਢੀ ਨੂੰ) ਤਿੰਨ ਬੁਲਾਉ ਅਤੇ ਤੇਰ੍ਹਾਂ ਆ ਜਾਣ ਤਾਂ ਕੀ ਕੀਤਾ ਜਾਏ?

ਦੂਸਰਾ ਗਵਾਂਢੀ : ਫੌਰਨ 'ਨੌ ਦੋ ਗਿਆਰਾ' ਹੋ ਜਾਣ ਵਿੱਚ ਹੀ ਭਲਾਈ ਹੈ।

---

ਰਾਜੂ ਨੇ ਆਪਣੀ ਮਾਂ ਨੂੰ ਸ਼ਿਕਾਇਤ ਕੀਤੀ – ਮਾਂ, ਚੰਦੂ ਨੇ ਮੇਰੀ ਹਾਕੀ ਤੋੜ ਦਿੱਤੀ।

– ਲੇਕਿਨ ਕਿਉਂ? ਮਾਂ ਨੇ ਗੁੱਸੇ ਨਾਲ ਪੁੱਛਿਆ।

– ਕਿਉਂਕਿ ਮੈਂ ਉਸ ਦੀ ਟੰਗ ਤੇ ਮਾਰ ਦਿੱਤੀ ਸੀ।

– ਰਾਜੂ ਨੇ ਜਵਾਬ ਦਿੱਤਾ।

*– ਭਾਰਤ*

ਸ਼ਾਮੂ ਨੇ ਨੌਕਰੀ ਦੇ ਪਹਿਲੇ ਦਿਨ ਕੰਪਿਊਟਰ ਤੇ 11 ਘੰਟੇ ਕੰਮ ਕੀਤਾ।

ਬੌਸ (ਖੁਸ਼ੀ ਨਾਲ): ਵਾਹ ਪਹਿਲਾ ਹੀ ਦਿਨ ਅਤੇ ਐਨੀ ਮਿਹਨਤ। ਕੀ-ਕੀ ਕੰਮ ਕੀਤਾ ਅੱਜ ਦੱਸੋ?

ਸ਼ਾਮੂ : ਪਤਾ ਨਹੀਂ ਕਿਥੋਂ ਖਰੀਦ ਲਿਆ ਤੁਸੀਂ ਇਹ ਕੀ-ਬੋਰਡ। ਇਸ ਵਿੱਚ ਏ-ਬੀ-ਸੀ-ਡੀ ਅੱਗੇ ਪਿੱਛੇ ਸਨ ਤਾਂ ਉਹ ਸਭ ਸਹੀ ਕੀਤਾ ਹੈ ਅੱਜ।

*– ਦਿਸ਼ਾ*

ਦੋ ਵਿਅਕਤੀ ਇੱਕ ਰੁੱਖ ਦੀ ਟਹਿਣੀ ਨਾਲ ਲਟਕੇ ਸਨ। ਤਦੇ ਇੱਕ ਵਿਅਕਤੀ ਹੇਠਾਂ ਡਿੱਗ ਗਿਆ।

ਪਹਿਲਾ ਬੋਲਿਆ : ਕਿਉਂ ਥੱਕ ਗਏ?

ਦੂਜਾ ਬੋਲਿਆ : ਯਾਰ ਥੱਕਿਆ ਨਹੀਂ ਪੱਕ ਗਿਆ।

---

ਇੱਕ ਮੋਟੇ ਨੌਜਵਾਨ ਨੇ ਆਪਣੇ ਮਿੱਤਰ ਨੂੰ ਕਿਹਾ –

ਅੱਜਕਲ ਮੈਂ ਦੌੜਨ ਦਾ ਅਭਿਆਸ ਕਰ ਰਿਹਾ ਹਾਂ। ਇੱਕ ਗੱਲ ਦੱਸ ਪੀ.ਟੀ. ਊਸ਼ਾ ਨੂੰ ਤੇਜ਼ ਦੌੜਨ ਤੇ ਉਡਣਪਰੀ ਕਹਿੰਦੇ ਸਨ। ਜਦ ਮੈਂ ਤੇਜ਼ ਦੌੜਾਂਗਾ ਤਾਂ ਮੈਨੂੰ ਕੀ ਕਹਿਣਗੇ?

ਮਿੱਤਰ ਬੋਲਿਆ : ਉਡਣਖਟੋਲਾ।

*– ਪ੍ਰਤੀਕ*

# ਹੋਲੀ ਦੀ ਧਮਾਲ

- ਮਦਨ ਰਾਣਾ

ਹਰ ਪਾਸੇ ਅੱਜ ਹੋਲੀ ਦੀ ਧਮਾਲ,
ਉਡੱਦੇ ਗੁਲਾਲ ਮਿੱਤਰੋ।
ਗਾਂਉਦੇ ਗਭਰੂ ਤੇ ਨੱਚਦੇ ਨੇ ਬਾਲ,
ਕਰਦੇ ਕਮਾਲ ਮਿੱਤਰੋ।

ਗਲੀਆਂ'ਚ ਲਾਲਾ-ਲਾਲਾ, ਚਾਰੇ ਪਾਸੇ ਹੋਵੇ ਪਈ।
ਰੂਹੀ ਸਹੇਲੀਆਂ ਤੋਂ, ਮੁੱਖੜਾ ਲਕੋਵੇ ਪਈ।
ਮੀਰਾਂ ਲੁੱਕੀ ਨੂੰ ਲਿਆਈ ਦੀਪੀ ਭਾਲ,
ਚੱਲੀ ਨਾ ਕੋਈ ਚਾਲ ਮਿੱਤਰੋ।
ਹਰ ਪਾਸੇ ...
ਛੋਟਾ-ਵੱਡਾ ਅੱਜ ਕੋਈ, ਵੇਖਦਾ ਨਾ ਕਿਧਰੇ।
ਬੱਚ ਕੇ ਨਾ ਜਾਵੇ ਅੱਜ, ਜਿਹੜਾ ਮੂਹਰੇ ਟੱਕਰੇ।
ਮਸਾਂ ਲੰਘਿਆ ਉਡੀਕਦਿਆਂ ਸਾਲ,
ਕਰੋ ਨਾ ਸਵਾਲ ਮਿੱਤਰੋ।
ਹਰ ਪਾਸੇ ...

ਰਾਜੂ ਅਤੇ ਪੱਪੂ ਨਾਲ ਪੰਗਾ, ਪਰਦੀਪ ਦਾ।
ਪੂਜਾ ਤੇ ਨਵੇਤਾ ਨਾਲ ਖੁਸ਼ੀ ਤੇ ਸੰਦੀਪ ਦਾ।
ਰੰਗ ਪਾਉਣਾ ਇਹਨਾਂ ਉਤੇ ਹਰ ਹਾਲ,
ਨੀਤ ਸਾਫ਼ ਨਾਲ ਮਿੱਤਰੋ।
ਹਰ ਪਾਸੇ ...
ਮਦਨ ਤੇ ਰਾਣਾ ਨਾਲੇ, ਖੇਮੂ, ਪੱਪੀ ਆਏ ਨੇ।
ਜੋਤੀ, ਸਹਿਜ, ਅਤੇ ਗਿੰਨੀ ਨੂੰ ਲਿਆਏ ਨੇ।
ਕਰ ਗਿਆ ਵੀਰਾ ਗੁੰਜਨ ਕਮਾਲ,
ਬਿੱਟੂ ਨੂੰ ਲਿਆ ਭਾਲ ਮਿੱਤਰੋ।
ਹਰ ਪਾਸੇ ...



# ਸਾਧਾਰਣ ਗਿਆਨ ਪ੍ਰਸ਼ਨੋਤਰੀ

*(ਸਭ ਸਵਾਲਾਂ ਦੇ ਜੁਵਾਬ 'ਰ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉੱਤਰ ਲਿਖਦੇ ਜਾਉ।)*

ਪ੍ਰਸ਼ਨ 1) ਅਮਰੀਕਾ ਦੀ ਮੁਦਰਾ ਕਿਹੜੀ ਹੈ?

ਪ੍ਰਸ਼ਨ 2) 'ਭਾਰਤ ਰਤਨ' ਪੁਰਸਕਾਰ ਪ੍ਰਾਪਤ ਕਰਨ ਵਾਲੀ ਪਹਿਲੀ ਗਾਇਕਾ ਕੌਣ ਹੈ?

ਪ੍ਰਸ਼ਨ 3) ਰੋਮੀਉ ਐਂਡ ਜੂਲੀਅਟ ਦਾ ਲੇਖਕ ਕੌਣ ਸੀ?

ਪ੍ਰਸ਼ਨ 4) ਸਰਸਵਤੀ ਦਾ ਵਾਹਨ ਕਿਹੜਾ ਹੈ?

ਪ੍ਰਸ਼ਨ 5) ਝਾਰਖੰਡ ਰਾਜ ਪਹਿਲਾਂ ਕਿਸ ਭਾਰਤੀ ਰਾਜ ਦਾ ਹਿੱਸਾ ਸੀ?

ਪ੍ਰਸ਼ਨ 6) ਏਸ਼ੀਆਈ ਖੇਡਾਂ ਦਾ ਆਯੋਜਨ ਕਿਤਨੇ ਸਾਲ ਬਾਅਦ ਹੁੰਦਾ ਹੈ?

ਪ੍ਰਸ਼ਨ 7) ਕਿਸ ਨਦੀ ਨੂੰ 'ਬੰਗਾਲ ਦਾ ਸ਼ੋਗ' ਕਹਿੰਦੇ ਹਨ?

ਪ੍ਰਸ਼ਨ 8) ਦੁੱਧ ਦੀ ਸ਼ੁੱਧਤਾ ਦੀ ਜਾਂਚ ਕਰਨ ਵਾਲੇ ਯੰਤਰ ਨੂੰ ਕੀ ਕਹਿੰਦੇ ਹਨ?

ਪ੍ਰਸ਼ਨ 9) ਕਿਹੜਾ ਪਾਕਿਸਤਾਨੀ ਕ੍ਰਿਕਟਰ ਰਾਵਲਪਿੰਡੀ ਐਕਸਪ੍ਰੈਸ ਦੇ ਨਾਂ ਤੇ ਮਸ਼ਹੂਰ ਹੈ?

ਪ੍ਰਸ਼ਨ 10) ਕਿਸ ਮਹੀਨੇ ਦੀ ਦੋ ਤਾਰੀਖ ਨੂੰ 'ਅੰਤਰਰਾਸ਼ਟਰੀ ਅਹਿੰਸਾ ਦਿਵਸ' ਕਹਿੰਦੇ ਹਨ?

ਪ੍ਰਸ਼ਨ 11) ਭਾਰਤ ਦੇ ਰਾਸ਼ਟਰਗਾਨ ਦੇ ਲੇਖਕ ਕੌਣ ਸਨ?

ਪ੍ਰਸ਼ਨ 12) ਅਕਬਰ ਦੇ ਦਾਦਾ ਦਾ ਕੀ ਨਾਂ ਸੀ?

ਪ੍ਰਸ਼ਨ 13) ਪੰਡਿਤ ਸ਼ਿਵਕੁਮਾਰ ਸ਼ਰਮਾਂ ਕਿਸ ਸੰਗੀਤ ਯੰਤ੍ਰ ਨਾਲ ਸਬੰਧਿਤ ਹਨ?

ਪ੍ਰਸ਼ਨ 14) ਰਾਜਸਥਾਨ ਦੇ ਕਿਸ ਸ਼ਹਿਰ ਨੂੰ 'ਝੀਲਾਂ ਦਾ ਸ਼ਹਿਰ' ਕਿਹਾ ਜਾਂਦਾ ਹੈ?

ਪੇਸ਼ਕਸ਼ : ਵਿਕਾਸ ਅਰੋੜਾ

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)



# ਕਿੱਟੀ

**ਚਿੱਤਰਕਾਰ ਅਤੇ ਲੇਖਕ**
**– ਅਜੈ ਕਾਲੜਾ**







ਹੰਮ... ਯੰਮੀ, ਮੈਨੂੰ ਤਾਂ ਰੋਜ਼ ਇਹੀ ਖਾਣਾ ਪਸੰਦ ਹੈ।
ਵੇਖੋ ਪੁੱਤਰ, ਘਰ ਵਿੱਚ ਬਣਿਆ ਖਾਣਾ ਨਾ ਖਾਣ ਦਾ ਨਤੀਜਾ। ਹੁਣ ਪੈ ਗਈ ਨਾ ਬੀਮਾਰ।
ਹਾਂ ਮੰਮੀ....।
ਹੁਣ ਤਾਂ ਤੈਨੂੰ ਸਾਨੂੰ ਸਭ ਨੂੰ ਖਾਣਾ ਪਏਗਾ।


ਅਸੀਂ ਸਾਰੇ ਤਾਂ ਤੇਰੇ ਮਿੱਤਰ ਹਾਂ। ਅਸੀਂ ਤਾਂ ਚਾਹੁੰਦੇ ਹਾਂ ਕਿ ਤੂੰ ਛੇਤੀ ਠੀਕ ਹੋ ਜਾ।
ਪਰ ਮਾਂ ਨੇ ਕਿਹਾ ਸੀ ਕਿ ਮੈਨੂੰ ਕਈ ਦਿਨਾਂ ਤਕ ਕੌੜੀਆਂ ਦਵਾਈਆਂ ਖਾਣੀਆਂ ਪੈਣਗੀਆਂ।
ਜੇਕਰ ਤੂੰ ਸਾਡੀ ਗੱਲ ਮੰਨੇਗੀ ਤਾਂ ਛੇਤੀ ਠੀਕ ਹੋ ਜਾਉਗੀ।
ਪਰ ਕਿਵੇਂ?
ਵੇਖੋ ਮੈਂ ਹਾਂ ਘੀਆ, ਵਿਟਾਮਿਨ ਦੀ ਖਾਨ ਅਤੇ ਪੱਚਣ ਵਿੱਚ ਵੀ ਸੌਖਾ।
ਘੀਆ....? ਹਾਂ ਮਾਂ ਵੀ ਤੁਹਾਡੇ ਲਈ ਇਹੀ ਬੋਲਦੀ ਹੈ।


ਮੈਨੂੰ ਖਾਣ ਨਾਲ ਤੇਰੀਆਂ ਅੱਖਾਂ ਦੀ ਰੋਸ਼ਨੀ ਵੱਧ ਜਾਏਗੀ।
ਅਸੀਂ ਸਾਰੇ ਬਹੁਤ ਪੋਸ਼ਟਿਕ ਹਾਂ।
ਮਾਂ.....ਮੈਂ ਅੱਜ ਤੋਂ ਸਾਰੀਆਂ ਸਬਜ਼ੀਆਂ ਖਾਊਂਗੀ ਅਤੇ ਤੁਹਾਨੂੰ ਸ਼ਿਕਾਇਤ ਦਾ ਮੌਕਾ ਨਹੀਂ ਦੇਵਾਂਗੀ।



# ਤਿਲਕ ਨੇ ਲਈ ਸਿਖਿਆ

– ਦੀਨਦਿਆਲ

ਇੱਕ ਵਾਰ ਦਾਦਾਭਾਈ ਨੌਰੋਜੀ ਕਿਸੇ ਮੁਕੱਦਮੇ ਦੇ ਸਿਲਸਿਲੇ ਵਿੱਚ ਲੰਦਨ ਗਏ ਸਨ। ਉਹਨਾਂ ਦੇ ਨਾਲ ਲੋਕਮਾਨਯ ਬਾਲ ਗੰਗਾਧਰ ਤਿਲਕ ਵੀ ਸਨ। ਲੰਦਨ ਵਿੱਚ ਠਹਿਰਣ ਦਾ ਖਰਚਾ ਕਾਫੀ ਜ਼ਿਆਦਾ ਸੀ। ਇਸ ਲਈ ਖਰਚ ਘੱਟ ਕਰਨ ਦੇ ਲਿਹਾਜ਼ ਨਾਲ ਸ਼ਹਿਰ ਦੇ ਕੋਲ ਇੱਕ ਪਿੰਡ ਵਿੱਚ ਚਲੇ ਗਏ। ਦਾਦਾਭਾਈ ਨੌਰੋਜੀ ਆਦਤਨ ਸਵੇਰੇ ਛੇਤੀ ਉਠ ਜਾਂਦੇ ਸਨ ਅਤੇ ਆਪਣਾ ਪੂਰਾ ਕੰਮ ਸਮੇਂ ਸਿਰ ਨਿਪਟਾ ਲੈਂਦੇ ਸਨ।

ਇੱਕ ਦਿਨ ਦੀ ਗੱਲ ਹੈ। ਦਾਦਾਭਾਈ ਨੌਰੋਜੀ ਰੋਜ਼ ਦੀ ਤਰ੍ਹਾਂ ਸਵੇਰੇ ਛੇਤੀ ਉਠ ਕੇ ਆਪਣੇ ਜੁੱਤਿਆਂ ਤੇ ਪਾਲਸ਼ ਕਰਨ ਬੈਠ ਗਏ। ਜਦ ਉਹਨਾਂ ਨੇ ਜੁੱਤਿਆਂ ਤੇ ਪਾਲਸ਼ ਕਰ ਲਈ ਤਾਂ ਉਹਨਾਂ ਦੇ ਮਨ ਵਿੱਚ ਵਿਚਾਰ ਆਇਆ ਕਿ ਤਿਲਕ ਦੇ ਜੁੱਤੇ ਵੀ ਗੰਦੇ ਹੋਣਗੇ। ਕਿਉਂ ਨਾ ਉਨ੍ਹਾਂ ਨੂੰ ਵੀ ਪਾਲਸ਼ ਕਰ ਦਿੱਤਾ ਜਾਵੇ ਅਤੇ ਉਹ ਤਿਲਕ ਦੇ ਜੁੱਤਿਆਂ ਨੂੰ ਪਾਲਸ਼ ਕਰਨ ਲੱਗੇ। ਉਹ ਹਾਂਲਾ ਤਿਲਕ ਦੇ ਜੁੱਤੇ ਚਮਕਾ ਹੀ ਰਹੇ ਸਨ ਕਿ ਲੋਕਮਾਨਯ ਦੀ ਅੱਖ ਖੁਲ੍ਹ ਗਈ। ਜਦ ਉਹਨਾਂ ਨੇ ਵੇਖਿਆ ਕਿ ਦਾਦਾਭਾਈ ਨੌਰੋਜੀ ਉਹਨਾਂ ਦੇ ਜੁੱਤੇ ਪਾਲਸ਼ ਕਰ ਰਹੇ ਹਨ ਤਾਂ ਉਹ ਦੌੜ ਕੇ ਉਹਨਾਂ ਦੇ ਕੋਲ ਆ ਗਏ ਅਤੇ ਉਹਨਾਂ ਦੇ ਹੱਥੋਂ ਜੁੱਤੇ ਖੋਹੰਦੇ ਹੋਏ ਕਿਹਾ, ''ਤੁਸੀਂ ਇਹ ਕੀ ਕਰ ਰਹੇ ਹੋ? ਨੌਕਰ ਆਏਗਾ ਤਾਂ ਜੁੱਤਿਆਂ ਨੂੰ ਪਾਲਸ਼ ਕਰ ਦਏਗਾ। ਤੁਸੀਂ ਜੁੱਤੇ ਪਾਲਸ਼ ਨਾ ਕਰੋ। ਤੁਹਾਡੇ ਵਰਗੇ ਵਿਅਕਤੀਆਂ ਦਾ ਮੇਰੇ ਜੁੱਤਿਆਂ ਨੂੰ ਹੱਥ ਲਾਉਣਾ, ਮੇਰੇ ਲਈ ਬੇਹੱਦ ਸ਼ਰਮ ਦੀ ਗੱਲ ਹੈ।

ਦਾਦਾਭਾਈ ਨੌਰੋਜੀ ਨੇ ਤਿਲਕ ਨੂੰ ਕਿਹਾ, ''ਜੁੱਤੇ ਸਾਰੇ ਇੱਕੋ ਜਿਹੇ ਹੁੰਦੇ ਹਨ। ਜਿਹੋ ਜਿਹਾ ਮੇਰਾ ਜੁੱਤਾ, ਉਹੋ ਜਿਹਾ ਤੁਹਾਡਾ। ਜਦ ਆਪਣੇ ਜੁੱਤਿਆਂ ਨੂੰ ਚਮਕਾ ਸਕਦਾ ਹਾਂ ਤਾਂ ਤੁਹਾਡੇ ਜੁੱਤੇ ਪਾਲਸ਼ ਕਰਨ ਵਿੱਚ ਕੀ ਹਰਜ਼ ਹੈ। ਜਿਥੋਂ ਤੱਕ ਨੌਕਰ ਵੱਲੋਂ ਜੁੱਤੇ ਸਾਫ਼ ਕਰਨ ਦਾ ਸਵਾਲ ਹੈ, ਤਾਂ ਮੇਰਾ ਮੰਨਣਾ ਹੈ ਕਿ ਵਿਅਕਤੀ ਨੂੰ ਜਿਥੋਂ ਤੱਕ ਸੰਭਵ ਹੋ ਸਕੇ, ਖ਼ੁੱਦਾਰ ਹੋਣਾ ਚਾਹੀਦਾ ਹੈ। ਦੂਸਰਿਆਂ ਤੇ ਘੱਟੋ-ਘੱਟ ਨਿਰਭਰ ਹੋਣਾ ਚਾਹੀਦਾ ਹੈ।' ਐਨਾ ਸੁਣਨਾ ਸੀ ਕਿ ਤਿਲਕ ਖੁਦ ਮੁਸਕਰਾਉਂਦੇ ਹੋਏ ਜੁੱਤਿਆਂ ਤੇ ਪਾਲਸ਼ ਕਰਨ ਬੈਠ ਗਏ। ਜੀਵਨ ਵਿੱਚ ਸਾਨੂੰ ਜਿਥੋਂ ਤੱਕ ਸੰਭਵ ਹੋ ਸਕੇ ਆਪਣਾ ਕੰਮ ਖੁਦ ਕਰਨਾ ਚਾਹੀਦਾ ਹੈ। ਆਪਣਾ ਕੰਮ ਕਰਨ ਵਿੱਚ ਕਿਸੇ ਪ੍ਰਕਾਰ ਦੀ ਝਿਜਕ ਨਹੀਂ ਹੋਣੀ ਚਾਹੀਦੀ। ■



# ਕੀ ਤੁਸੀਂ ਜਾਣਦੇ ਹੋ

ਪੇਸ਼ਕਸ਼ : ਵਿਭਾ ਵਰਮਾ

- ਮਹਾਭਾਰਤ ਦਾ ਪੁਰਾਣਾ ਨਾਮ ਜੈਸੰਹਿਤਾ ਸੀ।
- ਮਲੇਸ਼ੀਆ ਵਿੱਚ ਅਜਿਹੇ ਪੌਦੇ ਮਿਲ ਜਾਂਦੇ ਹਨ ਜੋ ਅੱਗ ਵਰਸਾਉਂਦੇ ਹਨ।
- ਸੂਰਜ ਦੀਆਂ ਕਿਰਨਾਂ 8 ਮਿੰਟ 20 ਸੈਕਿੰਡ ਵਿੱਚ ਧਰਤੀ ਤੇ ਪਹੁੰਚਦੀਆਂ ਹਨ।
- ਸੰਨ 1854 ਵਿੱਚ ਭਾਰਤ ਵਿੱਚ ਡਾਕ ਸੇਵਾ ਸ਼ੁਰੂ ਹੋ ਗਈ ਸੀ।
- ਸਾਰੇ ਪ੍ਰਾਣੀਆਂ ਵਿੱਚੋਂ ਸਭ ਤੋਂ ਵੱਧ ਉਮਰ ਕੱਛੂਕੰਮੇ ਦੀ ਹੁੰਦੀ ਹੈ ਉਹ 300 ਸਾਲ ਤੱਕ ਵੀ ਜੀਵਿਤ ਰਹਿੰਦਾ ਹੈ।
- ਸਿਕੰਦਰ ਦੇ ਗੁਰੂ ਦਾ ਨਾਮ ਅਰਸਤੂ ਸੀ।
- ਕੋਲੰਬੀਆ ਦੇਸ਼ ਦਾ ਨਾਮ ਕ੍ਰਿਸਟੋਫਰ ਕੋਲੰਬਸ ਦੇ ਨਾਮ ਤੇ ਰੱਖਿਆ ਗਿਆ ਹੈ।
- ਬ੍ਰਹਸਪਤੀ ਸਾਡੇ ਸੌਰਮੰਡਲ ਦਾ ਸਭ ਤੋਂ ਵੱਡਾ ਗ੍ਰਹਿ ਹੈ। ਬ੍ਰਹਸਪਤੀ ਦਾ ਧਰਾਤਲ ਠੋਸ ਨਹੀਂ ਹੈ।
- ਡਾਇਨਾਸੋਰ ਦੇ ਪਿੰਜਰ ਸਭ ਤੋਂ ਪਹਿਲਾਂ 19ਵੀਂ ਸਦੀ ਵਿੱਚ ਪਛਾਣੇ ਗਏ ਸਨ।
- ਲਕਸ਼ਦੀਪ ਲਗਭਗ 36 ਛੋਟੇ-ਛੋਟੇ ਦੀਪਾਂ ਦਾ ਸਮੂਹ ਹੈ।
- ਲਕਸ਼ਦੀਪ ਦੇ ਲੋਕ ਮਲਿਆਲਮ ਬੋਲਦੇ ਹਨ।
- ਕਾਕਰੋਚ ਸ਼ਾਕਾਹਾਰੀ ਅਤੇ ਮਾਸਾਹਾਰੀ ਦੋਵੇਂ ਤਰ੍ਹਾਂ ਦੇ ਹੁੰਦੇ ਹਨ।
- ਚਾਰ ਮੀਨਾਰ ਹੈਦਰਾਬਾਦ ਵਿੱਚ ਹੈ ਇਸ ਦਾ ਨਿਰਮਾਣ ਸੰਨ 1591 ਵਿੱਚ ਹੋਇਆ ਸੀ।
- ਭਾਰਤ ਦੇ ਕੇਰਲ ਰਾਜ ਵਿੱਚ ਕਾਜੂ ਦਾ ਸਭ ਤੋਂ ਵੱਧ ਉਤਪਾਦਨ ਹੁੰਦਾ ਹੈ।
- ਭਾਰਤ ਦੇ ਪਹਿਲੇ ਲੋਕਸਭਾ ਪ੍ਰਧਾਨ ਗਣੇਸ਼ ਵਾਸੁਦੇਵ ਮਾਵਲੰਕਰ ਸਨ।
- ਮੱਛੀਆਂ ਦੀਆਂ ਅੱਖਾਂ ਤੇ ਪਲਕਾਂ ਨਹੀਂ ਹੁੰਦੀਆਂ।
- ਪਾਣੀ ਦੇ ਪ੍ਰਾਣੀਆਂ ਵਿੱਚੋਂ ਵਹੇਲ ਸੰਸਾਰ ਦਾ ਸਭ ਤੋਂ ਵੱਡਾ ਪ੍ਰਾਣੀ ਹੈ।
- ਸਿਨੇਮਾ ਖੇਤਰ ਵਿੱਚ ਉਚਕੋਟਿ ਦੇ ਪ੍ਰਦਰਸ਼ਨ ਲਈ ਦਾਦਾ ਸਾਹਿਬ ਫਾਲਕੇ ਪੁਰਸਕਾਰ ਸਭ ਤੋਂ ਪਹਿਲਾਂ ਦੇਵਿਕਾ ਰਾਣੀ ਨੂੰ 1969 ਵਿੱਚ ਦਿੱਤਾ ਗਿਆ।

# ਅਨੋਖੀ ਹੋਲੀ

– ਡੀ. ਐਸ. 'ਆਸ਼ਟ'

ਹੋਲੀ ਦਾ ਦਿਨ ਸੀ। ਅਮਨ ਸਵੇਰੇ-ਸਵੇਰੇ ਸਾਈਕਲ 'ਤੇ ਇਕ ਗਲੀ ਵਿੱਚੋਂ ਲੰਘ ਰਿਹਾ ਸੀ। ਚਾਣਚੱਕ ਕਿਸੇ ਨੇ ਉਸ ਉਪਰ ਪਾਣੀ ਦੀ ਬਾਲਟੀ ਪਾ ਦਿਤੀ। ਅਮਨ ਘਬਰਾ ਗਿਆ। ਉਸ ਨੇ ਉਪਰ ਵੇਖਿਆ ਤਾਂ ਸ਼ਰਾਰਤੀ ਜੱਗੀ ਖੁਸ਼ੀ ਨਾਲ ਚੀਕ ਰਿਹਾ ਸੀ, ''ਹੋਲੀ ਹੈ, ਹੋਲੀ ਹੈ।''

ਅਮਨ ਚੁੱਪ ਰਿਹਾ। ਉਹ ਵਾਪਿਸ ਘਰ ਮੁੜ ਆਇਆ। ਮੁੜ ਸੁੱਕੇ ਕਪੜੇ ਪਾ ਕੇ ਦੂਜੀ ਗਲੀ ਵਿਚੋਂ ਲੰਘ ਗਿਆ। ਅਸਲ ਵਿਚ ਅਮਨ ਹਸਪਤਾਲ ਵਿਚ ਅਪਣੇ ਪੜਦਾਦਾ ਜੀ ਲਈ ਘਰੋਂ ਦੁਧ ਲੈ ਕੇ ਜਾ ਰਿਹਾ ਸੀ। ਉਸ ਦੇ ਪੜਦਾਦਾ ਜੀ ਪਿਛਲੇ ਕੁੱਝ ਦਿਨਾਂ ਤੋਂ ਹਸਪਤਾਲ ਵਿਚ ਦਾਖ਼ਲ ਸਨ। ਸ਼ਹਿਰ ਦੀ ਜਿਸ ਗਲੀ ਵਿਚ ਉਨ੍ਹਾਂ ਦਾ ਪਰਵਾਰ ਰਹਿੰਦਾ ਸੀ, ਉਹ ਗਲੀ ਬਹੁਤ ਤੰਗ ਸੀ। ਉਥੇ ਖੁਲ੍ਹੀ ਹਵਾ ਬਹੁਤ ਘੱਟ ਮਿਲਦੀ ਸੀ। ਡਾਕਟਰਾਂ ਨੇ ਉਸ ਦੇ ਪੜਦਾਦਾ ਜੀ ਨੂੰ ਇਹੀ ਸਲਾਹ ਦਿਤੀ ਸੀ ਕਿ ਉਹ ਬਾਹਰ ਖੁਲ੍ਹੀ ਹਵਾ ਵਿਚ ਸੈਰ ਕਰਿਆ ਕਰਨ। ਉਹ ਘਰ ਵਿਚ ਕਈ ਵਾਰ ਇਹੀ ਕਹਿੰਦੇ ਸੁਣਾਈ ਦਿੰਦੇ, ''ਮੈਂ ਅਮਨ ਦੇ ਸਕੂਲ ਵਿਚ ਕਈ ਰੁੱਖ ਆਪਣੇ ਹੱਥੀਂ ਲਾਏ ਸਨ ਪਰ ਹੁਣ ਜਦ ਤੋਂ ਸਕੂਲ ਦੀ ਬਿਲਡਿੰਗ ਨਵੀਂ ਬਣੀ ਹੈ, ਸਾਰੇ ਰੁੱਖ ਕੱਟ ਦਿਤੇ ਗਏ ਹਨ। ਬੱਚਿਆਂ ਨੂੰ ਸਾਫ਼ ਹਵਾ ਕਿਥੋਂ ਮਿਲੇਗੀ?''

ਅਮਨ ਆਪਣੇ ਪੜਦਾਦਾ ਜੀ ਨੂੰ ਹਸਪਤਾਲ ਵਿਚ ਦੁਧ ਪਿਆ ਕੇ ਘਰ ਮੁੜ ਆਇਆ। ਤਦ ਤਕ ਉਸ ਦੇ ਪਿਤਾ ਜੀ ਵੀ ਹਸਪਤਾਲ ਵਿਚ ਪੁੱਜ ਚੁੱਕੇ ਸਨ। ਅਮਨ ਨੇ ਘਰ ਆ ਕੇ ਵੇਖਿਆ, ਉਸ ਦੇ ਮਿੱਤਰ ਹੱਥਾਂ ਵਿਚ ਪਿਚਕਾਰੀਆਂ ਚੁਕੀ ਇਕ-






ਦੂਜੇ ਨੂੰ ਰੰਗ ਰਹੇ ਸਨ। ਅਮਨ ਨੇ ਪਿਛਲੇ ਸਾਲ ਖ਼ੂਬ ਹੋਲੀ ਖੇਡੀ ਸੀ ਪਰ ਅਜਿਹਾ ਮਜ਼ਾਕ ਨਹੀਂ ਸੀ ਕੀਤਾ ਜਿਸ ਨਾਲ ਕਿਸੇ ਦਾ ਮਨ ਦੁਖੀ ਹੋਵੇ।

''ਅਮਨ ਤੂੰ ਹੋਲੀ ਕਿਉਂ ਨਹੀਂ ਖੇਡ ਰਿਹਾ?'' ਦੂਜੀ ਗਲੀ ਵਿਚੋਂ ਆਏ ਦੀਪਕ ਨੇ ਉਸ ਨੂੰ ਪੁੱਛਿਆ।

ਅਮਨ ਬੋਲਿਆ, ''ਮੇਰੇ ਪੜਦਾਦਾ ਜੀ ਹਸਪਤਾਲ ਵਿਚ ਦਾਖ਼ਲ ਨੇ। ਥੋੜੀ ਦੇਰ ਤਕ ਮੈਂ ਉਨ੍ਹਾਂ ਵਾਸਤੇ ਖਾਣਾ ਵੀ ਲੈ ਕੇ ਜਾਣਾ ਹੈ, ਮੰਮੀ ਖਾਣਾ ਬਣਾ ਰਹੀ ਹੈ।''

ਫਿਰ ਅਮਨ ਹਸਪਤਾਲ ਵਿਚ ਜਾ ਕੇ ਪੜਦਾਦਾ ਜੀ ਨੂੰ ਖਾਣਾ ਵੀ ਖੁਆ ਆਇਆ। ਉਸ ਨੇ ਆ ਕੇ ਵੇਖਿਆ, ਜੱਗੀ ਫਿਰ ਸ਼ਰਾਰਤਾਂ ਕਰਦਾ ਆ ਰਿਹਾ ਸੀ। ਉਸ ਦੇ ਹੱਥਾਂ ਵਿਚ ਕਈ ਗ਼ੁਬਾਰੇ ਸਨ ਜਿਨ੍ਹਾਂ ਵਿਚ ਰੰਗ ਵਾਲਾ ਪਾਣੀ ਭਰਿਆ ਹੋਇਆ ਸੀ।

ਜੱਗੀ ਨੇ ਗਲੀ ਵਿਚੋਂ ਲੰਘ ਰਹੇ ਇਕ ਬਜ਼ੁਰਗ ਰਿਕਸ਼ਾ ਵਾਲੇ ਦੀ ਪਿੱਠ 'ਤੇ ਗ਼ੁਬਾਰਾ ਮਾਰਿਆ। ਇਸ ਤੋਂ ਪਹਿਲਾਂ ਕਿ ਰਿਕਸ਼ੇ ਵਾਲਾ ਉਸ ਨੂੰ ਗੁੱਸੇ ਹੁੰਦਾ, ਉਹ ਤੇਜ਼ੀ ਨਾਲ ਦੌੜ ਗਿਆ।

ਅਮਨ, ਪੜਦਾਦਾ ਜੀ ਦੀ ਸਿਹਤ ਬਾਰੇ ਚਿੰਤਾ ਵਿਚ ਸੀ। ਉਸ ਨੂੰ ਪੜਦਾਦਾ ਜੀ ਦੀ ਗੱਲ ਯਾਦ ਆ ਰਹੀ ਸੀ ਕਿ ਜੇ ਵਾਤਾਵਰਣ ਵਿਚ ਹਰੇ-ਭਰੇ ਰੁੱਖ ਹੁੰਦੇ ਤਾਂ ਕਿੰਨਾ ਚੰਗਾ ਹੁੰਦਾ। ਪ੍ਰਦੂਸ਼ਣ ਉਸ ਦੇ ਪੜਦਾਦਾ ਜੀ ਲਈ ਸਾਹ ਦੀ ਬੀਮਾਰੀ ਤਾਂ ਪੈਦਾ ਨਾ ਕਰਦਾ।

ਅਮਨ ਨੂੰ ਇਕ ਯੋਜਨਾ ਸੁੱਝੀ। ਰੰਜਨ ਤੇ ਮਧੁਰ ਉਸ ਦੇ ਪੱਕੇ ਦੋਸਤਾਂ ਵਿਚੋਂ ਸਨ। ਉਸ ਨੇ ਅਪਣੀ ਇਹ ਯੋਜਨਾ ਉਨ੍ਹਾਂ ਨੂੰ ਵੀ ਦੱਸੀ। ਮਧੁਰ ਅਪਣੀ ਵੱਡੀ ਭੈਣ ਪੰਮੀ ਨੂੰ ਬੁਲਾ ਲਿਆਇਆ। ਉਹ ਪੰਜਵੀਂ ਵਿਚ ਸੀ। ਉਸ ਨੂੰ ਯੋਜਨਾ ਬਾਰੇ ਪਤਾ ਲੱਗਾ ਤਾਂ ਉਹ ਖ਼ੁਸ਼ ਹੋ ਗਈ। ਉਸ ਦੇ ਮੂਹੋਂ ਨਿਕਲਿਆ, ''ਵਾਹ!''

ਅਮਨ ਦੇ ਦੋਸਤ ਮੁਹੱਲੇ ਵਿਚ ਹੀ ਇਕ ਛੋਟੇ ਜਿਹੇ ਮੈਦਾਨ ਵਿਚ ਇਕੱਠੇ ਹੋਣ ਲੱਗੇ। ਜਿਹੜਾ ਵੀ ਉਨ੍ਹਾਂ ਨੂੰ ਵੇਖਦਾ, ਉਥੇ ਆ ਜਾਂਦਾ। ਪਾਰੁਲ, ਬਿੰਟੀ, ਪਰਨੀਤ, ਨਿਰਮਲ, ਅੰਕੁਸ਼, ਬਲਦੇਵ, ਵਿਜੇ, ਸ਼ੀਲਾ ਤੇ ਦਾਮਨੀ ਵੀ ਉਥੇ ਆ ਗਏ। ਸਾਰੇ ਅਲਗ-ਅਲਗ ਰੰਗਾਂ ਦੇ ਛੋਟੇ-ਛੋਟੇ ਲਿਫ਼ਾਫ਼ੇ ਲੈ ਕੇ ਆਏ ਸਨ।




ਹੁਣ ਅਮਨ ਨੇ ਅਪਣੇ ਦੋਸਤਾਂ ਦੀ ਮਦਦ ਨਾਲ ਜ਼ਮੀਨ 'ਤੇ ਰੰਗ ਬਿਰੰਗੇ ਰੰਗਾਂ ਨਾਲ ਕੁੱਝ ਅੱਖਰ ਲਿਖੇ। ਫਿਰ ਉਸ ਨੇ ਇਕ ਦੋਸਤ ਕੋਲੋਂ ਅੱਠ ਦਸ ਪੁਰਾਣੇ ਅਖ਼ਬਾਰ ਵੀ ਮੰਗਵਾ ਲਏ। ਉਸ ਨੇ ਇਨ੍ਹਾਂ ਅਖ਼ਬਾਰਾਂ ਨਾਲ ਲਿਖੇ ਅੱਖਰਾਂ ਨੂੰ ਢੱਕ ਦਿਤਾ। ਤਦ ਤਕ ਸ਼ਰਾਰਤੀ ਜੱਗੀ ਵੀ ਉਥੇ ਪਹੁੰਚ ਚੁੱਕਾ ਸੀ। ਜਦ ਉਸ ਨੂੰ ਅਮਨ ਦੇ ਪੜਦਾਦਾ ਜੀ ਦੇ ਬੀਮਾਰ ਹੋਣ ਦਾ ਪਤਾ ਲੱਗਾ ਤਾਂ ਉਸ ਨੇ ਅਮਨ ਕੋਲੋਂ ਮਾਫ਼ੀ ਮੰਗੀ ਕਿ ਉਸ ਨੂੰ ਨਹੀਂ ਸੀ ਪਤਾ ਕਿ ਉਹ ਪੜਦਾਦਾ ਜੀ ਕੋਲ ਹਸਪਤਾਲ ਜਾ ਰਿਹਾ ਸੀ।

ਅਮਨ ਨੇ ਅਪਣੇ ਕੁੱਝ ਦੋਸਤਾਂ ਨੂੰ ਉਥੇ ਹੀ ਰਹਿਣ ਲਈ ਕਿਹਾ। ਆਪ ਰੰਜਨ ਤੇ ਮਧੁਰ ਨੂੰ ਲੈ ਕੇ ਨਗਰਪਾਲਿਕਾ ਦੇ ਪ੍ਰਧਾਨ ਨੂੰ ਮਿਲਣ ਲਈ ਚਲਾ ਗਿਆ। ਅਮਨ ਨੇ ਨਗਰਪਾਲਿਕਾ ਦੇ ਪ੍ਰਧਾਨ ਨੂੰ ਅਪਣੇ ਨਾਲ ਚੱਲਣ ਲਈ ਕਿਹਾ। ਪ੍ਰਧਾਨ ਜੀ ਹੈਰਾਨ ਸਨ ਕਿ ਬੱਚੇ ਉਨ੍ਹਾਂ ਨੂੰ ਪਤਾ ਨਹੀਂ ਕਿਧਰ ਲੈ ਕੇ ਜਾ ਰਹੇ ਹਨ? ਉਨ੍ਹਾਂ ਨਾਲ ਮੁਹੱਲੇ ਦੇ ਕੁਝ ਹੋਰ ਸੱਜਣ ਵੀ ਸ਼ਾਮਲ ਹੋ ਗਏ। ਅਮਨ ਪ੍ਰਧਾਨ ਜੀ ਨੂੰ ਪਾਰਕ ਵਿਚ ਲੈ ਆਇਆ।

''ਅੰਕਲ ਜੀ, ਤੁਸੀਂ ਅਖ਼ਬਾਰਾਂ ਚੁੱਕ ਕੇ ਮਹੂਰਤ ਕਰੋ।'' ਅਮਨ ਨੇ ਕਿਹਾ।

ਉਤਸੁਕਤਾ ਨਾਲ ਪ੍ਰਧਾਨ ਜੀ ਨੇ ਅਖ਼ਬਾਰ ਚੁੱਕੇ। ਫਿਰ ਉਚੀ ਆਵਾਜ਼ ਵਿਚ ਪੜ੍ਹਨ ਲੱਗੇ,

''ਰੁੱਖਾਂ ਬਿਨ ਸੁੰਨਾ ਸੰਸਾਰ।
ਰੁੱਖਾਂ ਨਾਲ ਰੰਗੀਨ ਤਿਉਹਾਰ।''

ਇਨ੍ਹਾਂ ਸ਼ਬਦਾਂ ਨੂੰ ਪੜ੍ਹ ਕੇ ਪ੍ਰਧਾਨ ਜੀ ਬੋਲੇ, ''ਬੱਚਿਉ, ਹੋਲੀ ਦੇ ਦਿਨ ਇਹ ਰੰਗ ਬਰੰਗੇ ਖ਼ੂਬਸੂਰਤ ਅੱਖਰ ਲਿਖ ਕੇ ਤੁਸੀਂ ਮੈਨੂੰ ਸੋਚਣ ਲਈ ਮਜਬੂਰ ਕਰ ਦਿਤਾ ਹੈ। ਤੁਹਾਡਾ ਇਹ ਸੁਨੇਹਾ ਕੇਵਲ ਮੇਰੇ ਲਈ ਹੀ ਨਹੀਂ ਸਗੋਂ ਸਾਰਿਆਂ ਲਈ ਹੈ ਕਿ ਅਸੀਂ ਅਪਣੀ ਪ੍ਰਕਿਰਤੀ ਦੀ ਪੂੰਜੀ ਨੂੰ ਬਚਾਈਏ। ਸਾਫ਼ ਸੁਥਰੇ ਵਾਤਾਵਰਣ ਵਿਚ ਹੋਲੀ ਮਨਾਉਣ ਦਾ ਮਜ਼ਾ ਕੁੱਝ ਹੋਰ ਹੀ ਹੋਵੇਗਾ।''

ਪ੍ਰਧਾਨ ਜੀ ਨੇ ਸਾਰੇ ਬੱਚਿਆਂ ਦੇ ਚਿਹਰਿਆਂ 'ਤੇ ਥੋੜ੍ਹਾ-ਥੋੜ੍ਹਾ ਗੁਲਾਲ ਲਾਇਆ ਤੇ ਖ਼ੁਦ ਵੀ ਮਿਲ ਕੇ ਸ਼ਹਿਰ ਦੀਆਂ ਅਲਗ-ਅਲਗ ਥਾਂਵਾਂ 'ਤੇ ਪੌਦੇ ਲਗਾ ਰਹੇ ਸਨ। ਮੁਹੱਲੇ ਵਿਚ ਇਸ 'ਅਨੋਖੀ ਹੋਲੀ' ਦੀ ਚਰਚਾ ਹੋ ਰਹੀ ਸੀ। ■

## *ਸਾਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ*

*1) ਡਾਲਰ*
*2) ਲਤਾ ਮੰਗੇਸ਼ਕਰ*
*3) ਵਿਲੀਅਮ ਸ਼ੈਕਸਪੀਅਰ*
*4) ਮੋਰ*
*5) ਬਿਹਾਰ*
*7) ਦਾਮੋਦਰ*
*8) ਲੈਕਟੋਮੀਟਰ*
*9) ਸ਼ੋਏਬ ਅਖਤਰ*
*10) ਅਕਤੂਬਰ*
*11) ਰਵਿੰਦਰ ਨਾਥ ਟੈਗੋਰ*
*12) ਬਾਬਰ*
*13) ਸੰਤੂਰ*
*14) ਉਦਯਪੁਰ*

# ਗੋਰੀਲਾ

– ਡਾ. ਵਿਨੋਦ ਗੁਪਤਾ

ਕੁੱਝ ਜਾਨਵਰਾਂ ਦੀਆਂ ਪ੍ਰਜਾਤੀਆਂ ਮਨੁੱਖ ਨਾਲ ਮਿਲਦੀਆਂ-ਜੁਲਦੀਆਂ ਹਨ। ਇਹਨਾਂ ਵਿੱਚੋਂ ਇੱਕ ਹੈ ਗੋਰੀਲਾ। ਬਿਨਾ ਪੂਛ ਵਾਲੇ ਇਹ ਬਾਂਦਰ ਇੰਥ੍ਰੋਪੋਇਡ ਵਰਗ' ਵਿੱਚ ਆਉਂਦੇ ਹਨ। ਏਸ਼ੀਆ ਅਤੇ ਅਫਰੀਕਾ ਦੇ ਘਣੇ ਜੰਗਲਾਂ ਵਿੱਚ ਇਹ ਮਿਲ ਜਾਂਦੇ ਹਨ।

ਕੱਦ ਵਿੱਚ ਗੋਰੀਲਾ ਆਦਮੀ ਦੇ ਬਰਾਬਰ ਹੁੰਦਾ ਹੈ ਪਰ ਭਾਰ ਵਿੱਚ ਇਹ ਇਨਸਾਨ ਤੋਂ ਭਾਰੀ ਹੁੰਦਾ ਹੈ। ਕਾਲੀ ਚਮੜੀ ਵਾਲੇ ਇਹ ਗੋਰੀਲਾ ਸਮਾਜਿਕ ਹੁੰਦੇ ਹਨ ਅਤੇ ਝੁੰਡਾਂ ਵਿੱਚ ਰਹਿੰਦੇ ਹਨ। ਬਚਪਨ ਵਿੱਚ ਬੱਚੇ ਆਪਣੇ ਮਾਂ-ਬਾਪ ਦੇ ਕੋਲ ਹੀ ਰਹਿੰਦੇ ਹਨ। ਮਾਤਾ-ਪਿਤਾ ਇਹਨਾਂ ਨੂੰ ਰੁੱਖਾਂ ਤੇ ਸਵਾਉਂਦੇ ਹਨ ਅਤੇ ਖੁਦ ਜ਼ਮੀਨ ਤੇ। ਸ਼ਾਂਤ ਸੁਭਾਅ ਵਾਲਾ ਗੁਰੀਲਾ ਛੇੜਣ ਤੇ ਕ੍ਰੋਧਿਤ ਹੋ ਜਾਂਦਾ ਹੈ ਅਤੇ ਮੂੰਹ ਵਿੱਚੋਂ ਢੋਲ ਵਾਂਗ ਆਵਾਜ਼ ਕੱਢਣ ਲੱਗਦਾ ਹੈ।

ਗੋਰੀਲੇ ਵੀ ਦੁਰਲਭ ਜੀਵ ਦੀ ਸ਼੍ਰੇਣੀ ਵਿੱਚ ਆਉਂਦੇ ਹਨ। ਹੌਲੀ-ਹੌਲੀ ਇਹਨਾਂ ਦੀ ਗਿਣਤੀ ਘੱਟ ਹੋ ਰਹੀ ਹੈ। ਇਹਨਾਂ ਨੂੰ ਸੁਰੱਖਿਅਤ ਰੱਖਣ ਲਈ ਹਰ ਸੰਭਵ ਉਪਾਅ ਕੀਤੇ ਜਾ ਰਹੇ ਹਨ।

ਗੋਰੀਲੇ ਜਦੋਂ ਤੱਕ ਛੋਟੇ ਹੁੰਦੇ ਹਨ, ਸਰਵਭਕਸ਼ੀ ਹੁੰਦੇ ਹਨ ਅਰਥਾਤ ਕੀੜੇ-ਮਕੌੜੇ, ਆਂਡੇ, ਪੱਤੀਆਂ ਆਦਿ ਖਾਂਦੇ ਹਨ ਪਰ ਵੱਡੇ ਹੋਣ ਤੇ ਉਹ ਪੂਰੀ ਤਰ੍ਹਾਂ ਸ਼ਾਕਾਹਾਰੀ ਹੋ ਜਾਂਦੇ ਹਨ।

ਪੂਰਬੀ ਜਾਯਰੇ ਅਤੇ ਦੱਖਣ ਪੱਛਮ ਯੁਗਾਂਡਾ ਦੇ ਹੇਠਲੇ ਭੂਮੀ-ਜੰਗਲਾਂ ਅਤੇ ਪੂਰਬੀ ਨੀਵੀਂ ਭੂਮੀ ਦੇ ਗੋਰੀਲਾ ਦੀ ਖੜੋਤੇ ਦੀ ਲੰਬਾਈ 5 ਫੁੱਟ 9 ਇੰਚ ਅਤੇ ਭਾਰ 165 ਕਿਲੋਗ੍ਰਾਮ ਤੱਕ ਹੁੰਦਾ ਹੈ। ਪੱਛਮ ਰਵਾਂਡਾ, ਦੱਖਣ-ਪੱਛਮ ਯੁਗਾਂਡਾ ਅਤੇ ਪੂਰਬੀ ਜਾਯਰੇ ਦੇ ਜਵਾਲਾਮੁੱਖੀ ਪਰਬਤ ਲੜੀ ਦੇ ਪਰਬਤੀ ਗੋਰੀਲਾ ਦੀ ਲੰਬਾਈ 5 ਫੁੱਟ 8 ਇੰਚ ਅਤੇ ਭਾਰ 155 ਕਿਲੋਗ੍ਰਾਮ ਤੱਕ ਹੁੰਦਾ ਹੈ। ■



# ਝਰਨਾ

– ਪ੍ਰਭਜੀਤ ਕੌਰ

ਹਰ ਪਲ ਝਰ-ਝਰ ਝਰਦਾ ਝਰਨਾ।
ਤਨ-ਮਨ ਠੰਡਾ ਕਰਦਾ ਝਰਨਾ।

ਉੱਚੇ ਪਰਬਤ ਜੰਗਲ ਘਾਟੀ,
ਕਿਥੋਂ-ਕਿਥੋਂ ਨਾ ਗੁਜ਼ਰਦਾ ਝਰਨਾ।

ਆਏ ਰੋੜਾ ਜਾਂ ਰਾਹ ਵਿੱਚ ਵਿਘਨ,
ਨਹੀਂ ਕਿਸੇ ਤੋਂ ਡਰਦਾ ਝਰਨਾ।

ਜੀਵਾਂ ਦੀ ਇਹ ਪਿਆਸ ਬੁਝਾਉਂਦਾ,
ਭਲੇ ਲਈ ਜੀਵਨ ਧਰਦਾ ਝਰਨਾ।


ਵਹਿ ਰਿਹਾ ਲਗਾਤਾਰ ਸਦੀਆਂ ਤੋਂ,
ਪਰ ਕਦੇ ਨਾ ਠਹਿਰਦਾ ਝਰਨਾ।

ਮੁਸੀਬਤਾਂ ਨਾਲ ਲੜਨਾ ਸਿੱਖੋ,
ਸਾਹਸ ਦਿਲ ਵਿੱਚ ਭਰਦਾ ਝਰਨਾ।



# ਰੰਗ ਭਰੋ






ਨਾਂ ........................................................ ਉਮਰ ......

ਪੂਰਾ ਪਤਾ ..................................................................

.............................................................................

# ਜਨਵਰੀ 2024 ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ:**

ਵੰਦਿਤਾ ਬਜਾਜ (ਉਮਰ 11 ਸਾਲ)
2/48 ਨਿਰੰਕਾਰੀ ਕਾਲੋਨੀ
ਦਿੱਲੀ - 110009

**ਦੂਸਰਾ ਨੰ:**

ਯਸ਼ਿਕਾ ਭੋਲਾ (ਉਮਰ 9 ਸਾਲ)
ਮ. ਨ. - 142, ਗਾਂਧੀ ਵਿਹਾਰ
ਦਿੱਲੀ - 110009

**ਤੀਸਰਾ ਨੰ:**

ਸ਼ੁਭਮ (ਉਮਰ 7 ਸਾਲ)
ਵੀ.ਪੀ.ਓ. ਹੁਸ਼ਿਆਰਪੁਰ
ਜ਼ਿਲਾ ਹੁਸ਼ਿਆਰਪੁਰ (ਪੰਜਾਬ)



## ਪਸੰਦ ਕੀਤੇ ਗਏ -

ਨਿਹਾਰਿਕਾ (ਲੁਧਿਆਣਾ),
ਰਸ਼ਮੀਤ ਕੌਰ (ਦਿੱਲੀ),
ਗੁਰਵਿੰਦਰ (ਜ਼ੀਰਾ),
ਹਰਸ਼ਪ੍ਰੀਤ ਕੌਰ (ਕੁਰਾਲੀ),
ਸੁਹਾਨੀ ਗੁਪਤਾ (ਹੁਸ਼ਿਆਰਪੁਰ),
ਪ੍ਰਭਜੋਤ ਕੌਰ (ਭੈਰੋ ਮਾਜਰਾ),
ਸ਼ੁਭਪ੍ਰੀਤ (ਅੰਮ੍ਰਿਤਸਰ),
ਸਮੀਪਤਾ ਖੁਰਾਨਾ (ਜਲੰਧਰ),
ਗੁਰਮੁਖ ਨੂਰ (ਗੁਮਟਾਲਾ),
ਪ੍ਰੇਰਣਾ (ਬੇਦੀ ਨਗਰ),
ਸਹਿਜ ਬਾਂਸਲ (ਪਾਤੜਾਂ),
ਨਵਪ੍ਰੀਤ ਕੌਰ (ਕਪੂਰਥਲਾ),
ਭਾਵੇਸ਼ ਬਾਂਸਲ (ਰਾਏਕੋਟ),
ਜਸਪ੍ਰੀਤ ਕੌਰ (ਬੋਹਾ),
ਅਰਸ਼ਦੀਪ ਸਿੰਘ (ਰੁਪੋਵਾਲ),
ਸੁਖਪ੍ਰੀਤ ਸਿੰਘ (ਮਾਨਸਾ),
ਖੁਸ਼ਦੀਪ ਸਿੰਘ (ਬਟਾਲਾ),
ਵਿਦਿਤ (ਖੁਸ਼ਹਾਲ ਪੁਰ)

# ਮਾਰਚ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਮਾਰਚ 2024 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਮਈ 2024 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ। 15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।

# ਗਜ਼ਬ ਦੀ ਹੈ

# ਗਾਜਰ

– ਕੈਲਾਸ਼ ਜੈਨ



ਗਾਜਰ ਸਰਦੀਆਂ ਵਿੱਚ ਬਹੁਤਾਤ ਵਿੱਚ ਮਿਲਣ ਵਾਲਾ ਫਲ ਹੈ। ਇਹ ਹਰ ਥਾਂ ਮਿਲਣ ਵਾਲੀ ਗਜ਼ਬ ਦੀ ਪੋਸ਼ਟਿਕ ਚੀਜ਼ ਹੈ। ਇਹ ਜ਼ਮੀਨ ਦੇ ਅੰਦਰ ਉਗਣ ਵਾਲੀ ਫਸਲ ਹੈ ਅਤੇ ਇਸ ਦਾ ਕਦ ਮੂਲੀ ਵਾਂਗ ਹੁੰਦਾ ਹੈ। ਗਾਜਰ ਕਾਲੇ, ਲਾਲ ਅਤੇ ਭੂਰੇ ਰੰਗ ਦੀ ਹੁੰਦੀ ਹੈ। ਸੰਸਕ੍ਰਿਤ ਵਿੱਚ ਇਸ ਨੂੰ ਗਰਜਰ, ਗੰਰਜਨ ਅਤੇ ਗੰਢ ਮੂਲ ਕਿਹਾ ਜਾਂਦਾ ਹੈ।

ਗਾਜਰ ਦੀ ਆਯੁਰਵੈਦ ਵਿੱਚ ਵੀ ਬਹੁਤ ਸ਼ਲਾਂਘਾ ਕੀਤੀ ਗਈ ਹੈ। ਆਯੁਰਵੈਦ ਅਨੁਸਾਰ ਗਾਜਰ ਮਿੱਠੀ, ਕੌੜੀ ਅਤੇ ਰਸ-ਭਰਪੂਰ ਹੁੰਦੀ ਹੈ। ਗਰਮੀ, ਖੁਸ਼ਕੀ, ਕਫ ਅਤੇ ਵਾਤ ਨੂੰ ਮਿਟਾਉਣ ਵਾਲੀ ਹੁੰਦੀ ਹੈ। ਇਸ ਵਿੱਚ ਕਾਫੀ ਮਾਤਰਾ ਵਿੱਚ ਪ੍ਰੋਟੀਨ, ਲੋਹ ਤੱਤ, ਵਿਟਾਮਿਨ 'ਏ' ਅਤੇ 'ਡੀ', ਖਣਿਜ, ਲੂਣ, ਕੈਲਸ਼ੀਅਮ ਆਦਿ ਤੱਤ ਹੁੰਦੇ ਹਨ। ਖਾਸਤੌਰ ਤੇ ਵਿਟਾਮਿਨ 'ਏ' ਦੀ ਭਰਪੂਰ ਮਾਤਰਾ ਗਾਜਰ ਨੇਤਰ-ਰੋਗਾਂ ਦੇ ਵਾਸਤੇ ਰਾਮਬਾਣ ਦਵਾਈ ਹੈ।

ਰਸਾਇਣਕ ਰਚਨਾ ਦੇ ਅਨੁਸਾਰ ਪ੍ਰਤੀ 100 ਗ੍ਰਾਮ ਗਾਜਰ ਵਿੱਚ ਇਹ ਤੱਤ ਮਿਲਦੇ ਹਨ – ਜਲ 86 ਗ੍ਰਾਮ, ਪ੍ਰੋਟੀਨ 0.9 ਗ੍ਰਾਮ, ਵਸਾ 0.10 ਗ੍ਰਾਮ, ਖਣਿਜ ਲੂਣ 1.10 ਗ੍ਰਾਮ, ਕਾਰਬੋਹਾਈਡ੍ਰੇਟਸ 10.7 ਗ੍ਰਾਮ, ਕੈਲਸ਼ੀਅਮ 0.08 ਗ੍ਰਾਮ ਅਤੇ ਫਾਸਫੋਰਸ 0.03 ਗ੍ਰਾਮ। ਇਸ ਦੇ ਇਲਾਵਾ ਪ੍ਰਤੀ ਸੌ ਗ੍ਰਾਮ ਗਾਜਰ ਨਾਲ ਸਰੀਰ ਨੂੰ 48 ਕੈਲਰੀ ਊਰਜਾ ਮਿਲਦੀ ਹੈ।

ਵਿਟਾਮਿਨ 'ਏ' ਦੀ ਗਾਜਰ ਵਿੱਚ ਭਰਪੂਰਤਾ ਗਾਂ, ਮੱਝ ਅਤੇ ਬੱਕਰੀ ਦੇ ਦੁੱਧ ਤੋਂ ਵੀ ਵੱਧ ਹੁੰਦੀ ਹੈ। ਗਾਜਰ ਦੇ ਸੇਵਨ ਨਾਲ ਅੱਖਾਂ ਦੀ ਰੋਸ਼ਨੀ ਵੱਧਦੀ ਹੈ। ਨਿਯਮਿਤ ਰੂਪ ਨਾਲ ਗਾਜਰ ਖਾਣ ਵਾਲੇ ਨੂੰ ਕਦੇ ਵੀ ਅੰਧਰਾਤਾ ਰੋਗ ਨਹੀਂ ਹੁੰਦਾ। ਲਹੂ ਦੇ ਕਣਾਂ ਵਿੱਚ ਵਾਧਾ, ਲਹੂ-ਸਾਫ਼ ਅਤੇ ਸਰੀਰ ਦੀ ਰੋਗ-ਰੋਧਕ ਸ਼ਕਤੀ ਨੂੰ ਬਣਾਈ ਰੱਖਣ ਵਿੱਚ ਲੋਹ-ਤੱਤ ਦਾ ਮਹੱਤਵਪੂਰਣ ਯੋਗਦਾਨ ਰਹਿੰਦਾ ਹੈ। ਇਹ ਸਾਨੂੰ ਗਾਜਰ ਤੋਂ ਕਾਫੀ ਮਾਤਰਾ ਵਿੱਚ ਪ੍ਰਾਪਤ ਹੁੰਦਾ ਹੈ। ਗਾਜਰ ਵਿੱਚ ਆਇਰਨ ਅਤੇ ਫਾਸਫੋਰਸ ਦੇ ਇਲਾਵਾ ਪ੍ਰੋਟੀਨ, ਕਾਰਬੋਹਾਈਡ੍ਰੇਟ ਆਦਿ ਤੱਤ ਵੀ ਮਿਲਦੇ ਹਨ ਜੋ ਸਰੀਰ ਨੂੰ ਊਰਜਾ ਪ੍ਰਦਾਨ ਕਰਦੇ ਹਨ। ਫਾਸਫੋਰਸ ਅਤੇ ਕੈਲਸ਼ੀਅਮ ਹੱਡੀਆਂ ਅਤੇ ਦੰਦਾਂ ਨੂੰ ਮਜ਼ਬੂਤੀ ਪ੍ਰਦਾਨ ਕਰਦੇ ਹਨ। ਸੇਬ ਫਲ ਦੀ ਬਜਾਏ ਗਾਜਰ ਵਿੱਚ ਕੈਲਸ਼ੀਅਮ, ਆਇਰਨ, ਥਾਈਮਿਨ ਰਾਈਬੋਫਲੇਵਿਨ, ਨਾਯਸਿਨ ਅਤੇ ਕੇਰੋਟਿਨ ਨਾਮਕ ਤੱਤ ਵਧੇਰੇ ਮਾਤਰਾ ਵਿੱਚ ਮਿਲ ਜਾਂਦੇ ਹਨ ਜੋ ਸਿਹਤ-ਵਧਾਊ ਹੋਣ ਤੇ ਨਾਲ-ਨਾਲ ਗਾਜਰ ਨੂੰ ਸੇਬ ਫਲ ਤੋਂ ਜ਼ਿਆਦਾ ਉਪਯੋਗੀ ਬਣਾਉਂਦੇ ਹਨ। ਸੇਬ ਵਿੱਚ ਗਾਜਰ ਦੇ ਮੁਕਾਬਲੇ ਊਰਜਾ (ਕੈਲਰੀ) ਅਤੇ ਫਾਸਫੋਰਸ ਵੀ ਜ਼ਿਆਦਾ ਹੁੰਦਾ ਹੈ।

ਖਣਿਜ ਪਦਾਰਥਾਂ ਦੀ ਨਜ਼ਰ ਨਾਲ ਵੀ ਗਾਜਰ ਦਾ ਕੋਈ ਮੁਕਾਬਲਾ ਨਹੀਂ, ਇਸ ਵਿੱਚ ਖਾਸ ਖਣਿਜ ਪੋਟਾਸ਼ੀਅਮ ਹੋਣ ਦੇ ਨਾਲ-ਨਾਲ ਸੋਡੀਅਮ, ਕੈਲਸ਼ੀਅਮ, ਮੈਗਨੀਸ਼ੀਅਮ, ਕਲੋਰੀਨ ਆਦਿ ਵੀ ਮੌਜੂਦ ਹੁੰਦੇ ਹਨ। ਇਸ ਲਈ ਖਣਿਜਾਂ ਦੀ ਘਾਟ ਵਾਲੇ ਵਿਅਕਤੀਆਂ ਲਈ ਗਾਜਰ ਇੱਕ ਆਦਰਸ਼ ਟਾਨਿਕ ਹੈ ਜੋ ਆਂਤੜੀਆਂ ਦੀ ਸੜਨ ਅਤੇ ਗੰਦਗੀ ਨੂੰ ਦੂਰ ਕਰਦਾ ਹੈ।

ਗਾਜਰ ਵਿੱਚ ਸੰਤੁਲਿਤ ਭੋਜਨ ਦੇ ਸਾਰੇ ਗੁਣ ਮੌਜੂਦ ਹਨ। ਇਹ ਉਨੀਂਦਰੇ ਅਤੇ ਥਕਾਵਟ ਤੋਂ ਮੁਕਤੀ ਦਿਵਾਉਂਦੀ ਹੈ। ਇਸ ਦੇ ਇਲਾਵਾ ਗਾਜਰ ਦਾ ਸੇਵਨ ਬੱਚਿਆਂ ਨੂੰ ਦੁੱਧ ਪਿਆਉਣ ਵਾਲੀਆਂ ਮਾਵਾਂ ਦਾ ਦੁੱਧ ਵਧਾਉਂਦਾ ਹੈ। ਗਾਜਰ ਦੇ ਰਸ ਦਾ ਸੇਵਨ ਢਿੱਡ

ਦੇ ਕੀੜਿਆਂ ਨੂੰ ਖ਼ਤਮ ਕਰਦਾ ਹੈ। ਨੱਕ, ਕੰਨ ਅਤੇ ਗਲੇ ਦੇ ਰੋਗਾਂ ਵਿੱਚ ਵੀ ਗਾਜ਼ਰ ਦਾ ਇਸਤੇਮਾਲ ਲਾਭਦਾਇਕ ਹੈ। ਕਬਜ਼, ਲਹੂ ਦੀ ਖਰਾਬੀ, ਬਦਹਜ਼ਮੀ ਅਤੇ ਬੱਚਿਆਂ ਵਿੱਚ ਆਮ ਕਮਜ਼ੋਰੀ ਆਦਿ ਵਿੱਚ ਵੀ ਗਾਜਰ ਦੀ ਵਰਤੋਂ ਉਪਯੋਗੀ ਸਾਬਿਤ ਹੁੰਦੀ ਹੈ। ਆਯੁਰਵੈਦ ਦੇ ਅਨੁਸਾਰ, ਗਾਜਰ ਸਰੀਰ ਵਿੱਚੋਂ ਗੰਦੇ ਲਹੂ ਨੂੰ ਸਾਫ਼ ਕਰਦੀ ਹੈ। ਇਹ ਸਰੀਰ ਦੀ ਬੇਲੋੜੀ ਗਰਮੀ ਨੂੰ ਸਾਫ਼ ਕਰਦੀ ਹੈ। ਕੱਚੀ ਗਾਜਰ ਦਾ ਰਸ ਰੋਗ-ਨਿਵਾਰਕ, ਤ੍ਰਿਪਤੀਦਾਇਕ, ਪੋਸ਼ਟਿਕ ਅਤੇ ਸਵਾਦੀ ਪੀਣ ਦਾ ਪਦਾਰਥ ਹੈ।

ਗਾਜਰ ਨੂੰ ਕੱਚਾ ਖਾਣਾ ਵਧੇਰੇ ਲਾਭਦਾਇਕ ਹੈ ਕਿਉਂਕਿ ਪਕਾਉਣ ਨਾਲ ਉਸ ਦੇ ਅਨੇਕਾਂ ਪੋਸ਼ਟਿਕ ਤੱਤ ਨਸ਼ਟ ਹੋ ਜਾਂਦੇ ਹਨ। ਜਿਥੋਂ ਤੱਕ ਹੋ ਸਕੇ ਗਾਜਰ ਨੂੰ ਸਵੇਰ ਦੇ ਸਮੇਂ ਖਾਉ ਅਤੇ ਦੰਦਾਂ ਨਾਲ ਚੰਗੀ ਤਰ੍ਹਾਂ ਚਬਾ ਕੇ ਖਾਉ। ਗਾਜਰ ਨੂੰ ਚਬਾ ਕੇ ਖਾਣ ਨਾਲ ਦੰਦਾਂ ਦੀ ਵੀ ਚੰਗੀ ਕਸਰਤ ਹੋ ਜਾਂਦੀ ਹੈ ਅਤੇ ਉਹ ਮਜ਼ਬੂਤ ਹੁੰਦੇ ਹਨ। ਗਾਜਰ ਪੀਲੀਏ ਦੀ ਕੁਦਰਤੀ ਦਵਾਈ ਹੈ। ਯੂਰਪ ਵਿੱਚ ਪੀਲੀਏ ਦੇ ਰੋਗੀਆਂ ਨੂੰ ਗਾਜਰ ਦਾ ਰਸ, ਗਾਜਰ ਦਾ ਸੂਪ ਜਾਂ ਗਾਜਰ ਦਾ ਗਰਮ ਕਾੜ੍ਹਾ ਦੇਣ ਦਾ ਰਿਵਾਜ਼ ਹੈ। ਗਾਜਰ ਦਾ ਰਸ ਗਠੀਏ ਨੂੰ ਠੀਕ ਕਰਦਾ ਹੈ। ਗਾਜਰ ਦੀ ਗਰਮ ਪੁਲਸਿਟ ਬੰਨ੍ਹਣ ਨਾਲ ਫੋੜੇ-ਫਿੰਨਸੀਆਂ ਵਿੱਚ ਲਾਭ ਹੁੰਦਾ ਹੈ। ਇਹ ਫੋੜੇ-ਫਿੰਸੀਆਂ ਦੇ ਜੰਮੇ ਹੋਏ ਲਹੂ ਨੂੰ ਪਿਘਲਾ ਦਿੰਦੀ ਹੈ। 100 ਗ੍ਰਾਮ ਗਾਜਰ ਦਾ ਰਸ ਹਰਰੋਜ਼ ਪੀਣ ਨਾਲ ਮਸੂੜੇ ਅਤੇ ਦੰਦਾਂ ਵਿੱਚ ਰੋਗ ਪੈਦਾ ਨਹੀਂ ਹੁੰਦੇ ਅਤੇ ਦੰਦਾਂ ਦੀਆਂ ਜੜ੍ਹਾਂ ਮਜ਼ਬੂਤ ਹੁੰਦੀਆਂ ਹਨ। ਕੱਚੀ ਗਾਜਰ ਨੂੰ ਪੀਹ ਕੇ ਅੱਗ ਨਾਲ ਸੜੀ ਹੋਈ ਥਾਂ ਤੇ ਲਗਾਉਣ ਨਾਲ ਸਾੜ ਘੱਟ ਹੁੰਦਾ ਹੈ ਅਤੇ ਛਾਲੇ ਵੀ ਨਹੀਂ ਪੈਂਦੇ।

ਗਾਜਰ ਦੀ ਦਵਾਈ ਦੇ ਤੌਰ ਤੇ ਵਰਤੋਂ ਦੇ ਇਲਾਵਾ ਇਸ ਦੇ ਖਾਣੇ ਵੀ ਖਾਣ ਵਿੱਚ ਸਵਾਦੀ ਅਤੇ ਪੋਸ਼ਟਿਕ ਹੁੰਦੇ ਹਨ। ਗਾਜਰ ਦਾ ਸੂਪ, ਸਲਾਦ, ਹਲਵਾ, ਖੀਰ, ਮੁਰੱਬਾ, ਬਰਫੀ ਆਦਿ ਖਾਣੇ ਬਣਾਏ ਜਾਂਦੇ ਹਨ ਜਿਨ੍ਹਾਂ ਨੂੰ ਲੋਕ ਚਾਅ ਨਾਲ ਖਾਂਦੇ ਹਨ। ਕੁੱਲ ਮਿਲਾ ਕੇ ਇਹ ਇੱਕ ਸਵਾਦੀ ਅਤੇ ਸਿਹਤ ਵਧਾਊ ਫਲ ਹੈ। ■


## Form-IV (See Rule 8)

| | | |
|---|---|---|
| 1. Place of publication | : | Sant Nirankari Satsang Bhawan,<br>Sant Nirankari Colony, Delhi- 110009 |
| 2. Periodicity of publication | : | Monthly |
| 3. Printer's Name | : | Rakesh Mutreja |
| Whether citizen of India | : | Yes, Indian |
| Address | : | H.No. 180, Avtar Enclave,<br>Paschim Vihar, New Delhi-110063 |
| 4. Publisher's Name | : | Rakesh Mutreja |
| Whether Citizen of India | : | Yes, Indian |
| Address | : | H.No. 180, Avtar Enclave,<br>Paschim Vihar, New Delhi-110063 |
| 5. Editor's Name | : | Dr. Vijay Sharma (Chief Editor) |
| Whether Citizen of India | : | Yes, Indian |
| Address | : | 7/254-B, Second Floor,<br>Sant Nirankari Colony, Delhi-110009 |

6. Name & Address of individuals, who own the newspaper and partners or share holders holding more than one percent of the total capital

I, Rakesh Mutreja, do hereby declare that the particulars given above are true to the best of my knowledge and belief.

**Rakesh Mutreja**
*Publisher*

Date : 1.3.2024

# ਕਦੇ ਨਾ ਭੁੱਲੋ

❖ ਹੀਰੇ ਦੇ ਗੁਣ ਹੀ ਆਪਣੇ ਆਪ ਵਿੱਚ ਉਸ ਨੂੰ ਕੀਮਤੀ ਬਣਾਉਂਦੇ ਹਨ। ਭਗਤ ਵੀ ਕਰਮ ਰਾਹੀਂ ਬੋਲਦਾ ਹੈ। ਸਭ ਤੋਂ ਅਸਰਦਾਰ ਬੋਲ ਕਰਮ ਹੀ ਹੁੰਦਾ ਹੈ।

❖ ਗਿਆਨ ਦਾ ਸੂਰਜ ਚੜ੍ਹਨ ਨਾਲ ਪਿਆਰ ਦਾ ਜਨਮ ਹੁੰਦਾ ਹੈ ਅਤੇ ਨਫ਼ਰਤ ਖ਼ਤਮ ਹੋ ਜਾਂਦੀ ਹੈ। ਜਦਕਿ ਹੰਕਾਰ ਦੇ ਕਾਰਣ ਭਗਤੀ ਅਤੇ ਸੁਮੱਤ ਤੋਂ ਵੀ ਵਾਂਝੇ ਹੋਣਾ ਪੈਂਦਾ ਹੈ।

– ਬਾਬਾ ਹਰਦੇਵ ਸਿੰਘ ਜੀ

❖ ਸੰਤ ਦਾ ਜੀਵਨ ਮੱਖਣ ਦੀ ਤਰ੍ਹਾਂ ਹੁੰਦਾ ਹੈ। ਜੇਕਰ ਕਿਸੇ ਨੂੰ ਸੇਕ ਲੱਗਦਾ ਹੈ ਤਾਂ ਉਸ ਦੇ ਸੇਕ ਨਾਲ ਸੰਤ ਦਾ ਹਿਰਦਾ ਪਿਘਲ ਜਾਂਦਾ ਹੈ।

– ਤੁਲਸੀਦਾਸ

❖ ਜੇਕਰ ਕੋਈ ਵਿਅਕਤੀ ਕਹਿੰਦਾ ਹੈ ਕਿ ਮੈਂ ਈਸ਼ਵਰ ਨਾਲ ਪਿਆਰ ਕਰਦਾ ਹਾਂ ਪ੍ਰੰਤੂ ਉਹ ਆਪਣੇ ਭਰਾ ਨਾਲ ਘਿਰਣਾ ਕਰਦਾ ਹੈ ਤਾਂ ਉਹ ਝੂਠਾ ਹੈ।

❖ ਹੇ ਪ੍ਰਮੇਸ਼ਵਰ! ਸਾਡੇ ਮਨ ਨੂੰ ਸ਼ੁਭ ਪ੍ਰਣ ਵਾਲਾ ਬਣਾਉ। ਸਾਨੂੰ ਸੁਖਦਾਈ ਤਾਕਤ ਅਤੇ ਕਰਮ ਸ਼ਕਤੀ ਪ੍ਰਦਾਨ ਕਰੋ।

– ਰਿਗਵੇਦ

❖ ਜਿਸ ਦੀ ਬੁੱਧੀ ਨਸ਼ਟ ਹੋ ਜਾਂਦੀ ਹੈ, ਉਹ ਮਨੁੱਖ ਸਦਾ ਪਾਪ ਹੀ ਕਰਦਾ ਹੈ। ਕੇਵਲ ਦੁਬਾਰਾ ਕੀਤੀ ਹੋਈ ਨੇਕੀ ਹੀ ਬੁੱਧੀ ਵਧਾਉਂਦੀ ਹੈ।

– ਵੇਦਵਿਆਸ

❖ ਜਿਸ ਨੇ ਮਨ ਜਿੱਤ ਲਿਆ ਉਸ ਨੇ ਜਗਤ ਜਿੱਤ ਲਿਆ।

❖ ਮਿਲਜੁਲ ਕੇ ਦੂਜਿਆਂ ਦੀ ਭਲਾਈ ਲਈ ਕੰਮ ਕਰਨਾ ਸਿੱਖੀਏ।

– ਵਿਵੇਕਾਨੰਦ

❖ ਜਿਸ ਵਿਅਕਤੀ ਨੂੰ ਖੁਦ ਤੇ ਵਿਸ਼ਵਾਸ ਨਹੀਂ ਉਸ ਦੀ ਅਸਫਲਤਾ ਨਿਸ਼ਚਿਤ ਹੈ।

❖ ਜਦ ਕ੍ਰੋਧ ਨਿਮਰਤਾ ਦਾ ਰੂਪ ਧਾਰਣ ਕਰ ਲੈਂਦਾ ਹੈ ਤਾਂ ਹੰਕਾਰ ਵੀ ਸਿਰ ਝੁਕਾ ਦਿੰਦਾ ਹੈ।

❖ ਲਗਾਤਾਰ ਅਣਥਕ ਮਿਹਨਤ ਕਰਨ ਵਾਲੇ ਕਿਸਮਤ ਨੂੰ ਵੀ ਹਰਾ ਦਿੰਦੇ ਹਨ।

❖ ਹਰੇਕ ਚੰਗਾ ਕੰਮ ਪਹਿਲਾਂ ਮੁਸ਼ਕਿਲ ਲੱਗਦਾ ਹੈ।

– ਕਾਰਲਾਈਲ

❖ ਅਕਲਮੰਦ ਆਦਮੀ ਬੋਲਣ ਤੋਂ ਪਹਿਲਾਂ ਸੋਚਦਾ ਹੈ। ਬੇਵਕੂਫ ਬੋਲ ਲੈਂਦਾ ਹੈ ਅਤੇ ਤਦ ਸੋਚਦਾ ਹੈ ਕਿ ਉਹ ਕੀ ਕਹਿ ਗਿਆ।

– ਰਸਕਿਨ

ਸੰਗ੍ਰਹਿ ਕਰਤਾ : ਡਿੰਪਲਜੀਤ ਰੰਧਾਵਾ

ਚਿੱਤਰਕਥਾ

# ਲਾਲਚ ਬੁਰੀ ਬਲਾ


ਚਿੱਤਰਕਾਰ ਅਤੇ ਲੇਖਕ : ਅਜੈ ਕਾਲੜਾ








ਉਹ ਪਿੰਡ ਦੇ ਮੁਖੀਆ ਦੇ ਘਰ ਗਿਆ ਅਤੇ ਉਸ ਨੂੰ ਥੈਲੀ ਦੇ ਗਵਾਚਣ ਬਾਰੇ ਦੱਸਿਆ। ਮੁਖੀਆ ਇਮਾਨਦਾਰ ਅਤੇ ਦਿਆਲੂ ਸੀ।
ਉਹ ਥੈਲੀ ਅਚਾਨਕ ਹੀ ਮੁਖੀਆ ਦੀ ਪੁੱਤਰੀ ਨੂੰ ਮਿਲ ਗਈ।
ਮੁਖੀਏ ਨੇ ਥੈਲੀ ਖੋਲ੍ਹ ਕੇ ਸਿੱਕੇ ਗਿਣੇ ਤਾਂ ਉਸ ਵਿੱਚ ਤੀਹ ਸਿੱਕੇ ਸਨ।
ਮੁਖੀਏ ਨੇ ਉਹ ਥੈਲੀ ਵਿਉਪਾਰੀ ਨੂੰ ਸੌਂਪ ਦਿੱਤੀ। ਵਿਉਪਾਰੀ ਨੇ ਥੈਲੀ ਖੋਲ੍ਹੀ ਅਤੇ ਸਿੱਕੇ ਗਿਣਨ ਲੱਗਾ।



ਵਿਉਪਾਰੀ ਦੇ ਮਨ ਵਿੱਚ ਲਾਲਚ ਆ ਗਿਆ ਸੀ ਇਸ ਲਈ ਉਸ ਨੇ ਦੱਸ ਸਿੱਕੇ ਗਾਇਬ ਹੋਣ ਦੀ ਗੱਲ ਕੀਤੀ।
ਮੁਖੀਏ ਨੇ ਉਸ ਨੂੰ ਬਹੁਤ ਸਮਝਾਇਆ ਪਰ ਉਹ ਥੈਲੀ ਉਥੇ ਛੱਡ ਕੇ ਕਚਹਿਰੀ ਚਲਾ ਗਿਆ।
ਉਸ ਨੇ ਜੱਜ ਨੂੰ ਸਾਰੀ ਗੱਲ ਦੱਸੀ। ਜੱਜ ਨੇ ਮੁਖੀਏ ਅਤੇ ਉਸ ਦੀ ਪੁੱਤਰੀ ਨੂੰ ਬੁਲਾਇਆ ਅਤੇ ਪੁੱਛਿਆ – ਥੈਲੀ ਵਿੱਚ ਕਿੰਨੇ ਸਿੱਕੇ ਸਨ।
ਤੂੰ ਕਿੰਨੇ ਸਿੱਕੇ ਗਵਾਏ?
ਤੀਹ
ਚਾਲੀ


ਤਾਂ ਇਸ ਦਾ ਮਤਲਬ ਇਹ ਹੈ ਕਿ ਇਹ ਥੈਲੀ ਤੇਰੀ ਨਹੀਂ ਹੈ। ਇਹ ਥੈਲੀ ਇਸ ਲੜਕੀ ਦੇ ਕੋਲ ਰਹੇਗੀ ਜਦ ਤਕ ਇਸ ਦਾ ਅਸਲੀ ਮਾਲਿਕ ਨਾ ਮਿਲ ਜਾਏ।
ਜੇਕਰ ਕੋਈ ਚਾਲੀ ਸਿੱਕਿਆਂ ਵਾਲੀ ਥੈਲੀ ਆਵੇਗੀ ਤਾਂ ਮੈਂ ਤੈਨੂੰ ਬੁਲਾ ਲਵਾਂਗਾ।
ਹੁਣ ਵਿਉਪਾਰੀ ਨੂੰ ਆਪਣੇ ਝੂਠ ਤੇ ਪਛਤਾਵਾ ਹੋਣ ਲੱਗਾ ਅਤੇ ਉਹ ਚੀਕ ਉਠਿਆ- ਨਹੀਂ, ਨਹੀਂ ਮੇਰੇ ਤਾਂ ਤੀਹ ਸਿੱਕੇ ਹੀ ਗਵਾਚੇ ਸਨ।
ਪਰ ਜੱਜ ਨੇ ਉਸ ਦੀ ਇੱਕ ਨਾ ਸੁਣੀ ਅਤੇ ਕਚਹਿਰੀ ਦੇ ਬਾਹਰ ਨਿਕਲ ਗਏ।
ਸੱਚ ਹੀ ਕਿਹਾ ਹੈ – 'ਲਾਲਚ ਦਾ ਅਖੀਰ ਬੁਰਾ ਹੀ ਹੁੰਦਾ ਹੈ।'

# ਬੁੱਧੀ ਦੀ ਪਰਖ

## ਦੋਹਾਂ ਚਿਤੱਰਾਂ ਵਿਚੋਂ 10 ਅੰਤਰ ਲੱਭੋ!








## Download The App

**Sant Nirankari Mission "SNM" App**

The application is available for the iOS & Android smartphones.

Download on the App Store

ANDROID APP ON Google Play

## Scan QR code

Scan QR code to download Sant Nirankari Mission "SNM" App

For iOS Devices

For Android Devices


Posted at LPC Delhi RMS, Delhi-110006. Prescribed dates 23rd & 24th. Date of Publication: 17th & 18th (Advance Month)

| | | |
|---|---|---|
| Registered with the | : | Delhi Postal Regd. No. DL (N)/137/2021-2023 |
| Registrar of Newspaper | : | Licence No. U (DN)-60/2021-23 |
| For India Under RNI No. 32345/1977 | : | Licenced to post without Pre-payment |









# NIRANKARI JEWELS

78-84, Edward Line, Kingsway Camp, Delhi, 110009
Near G.T.B. Nagar Metro Station Gate No. 4

011-42870440, 42870441, 47058133

nirankari_jewels@hotmail.com

www.nirankarijewels.com

@nirankarijewelsdelhi

Nirankari Jewels Pvt. Ltd.

Monday Closed

Customer Care : **9818883394**